230

# ਸ਼ੀਰਾਜ਼ਾ



ਜੇ. ਐਂਡ ਕੇ. ਅਕੈਡਮੀ ਆਫ਼ ਆਰਟ, ਕਲਚਰ ਐਂਡ ਲੈਂਗਵੇਜਿਜ਼, ਜੰਮੂ

**Sheeraza** R.N. No. 28873/76 January-February, 2022
(Punjabi)

| ਸਾਲ : 53 | ਅੰਕ : 2 | ਕੁਲ ਅੰਕ : 230 |
|---|---|---|

*Editor-in-chief*
**Rahul Pandey,** IAS
*Editor*
**Popinder Singh Paras**

ਸੰਪਾਦਕ ਜਾਂ ਪ੍ਰਕਾਸ਼ਕ ਦਾ ਰਚਨਾਵਾਂ ਵਿੱਚ ਵਿਅਕਤ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ।
ਮੋਬਾਇਲ : 9906977731

ਪ੍ਰਕਾਸ਼ਕ : ਸੈਕਰੇਟਰੀ, ਜੰਮੂ-ਕਸ਼ਮੀਰ ਅਕੈਡਮੀ ਆਫ਼ ਆਰਟ, ਕਲਚਰ ਐਂਡ ਲੈਂਗਵੇਜਿਜ਼, ਜੰਮੂ– 180 001

*Publisher* : **Secretary, J&K Academy of Art, Culture and Languages JAMMU- 180 001**

ਛਾਪਕ : ਕਲਾਸਿਕ ਪ੍ਰਿੰਟਰਜ਼, ਨੈਸ਼ਨਲ ਹਾਈਵੇ, ਬੜੀ ਬ੍ਰਾਹਮਣਾ, ਜੰਮੂ
ਦੂਰਭਾਸ਼ — (01923)-220243, 94191-49293

ਮੁੱਲ : ਦਸ ਰੁਪਏ

ਵਾਰਸ਼ਕ : 50 ਰੁਪਏ

# ਤਤਕਰਾ


❑ ਆਲੋਚ

- ਰਾਗ ਤੇ ਭਾਵ ਪ੍ਰਕਾਸ਼ਨ ਦੇ ਪਰਿਪੇਖ ਵਿਚ ਗੁਰੂ ਤੇਗ ਬਹਾਦਰ ਬਾਣੀ/*ਡਾ. ਰਾਜਵੰਤ ਕੌਰ ਪੰਜਾਬੀ/1*
- ਕਸ਼ਮੀਰ ਵਿੱਚ ਸਿੱਖ ਰਾਜ ਸਮੇਂ ਦੀਆਂ ਫ਼ਾਰਸੀ ਹੱਥ-ਲਿੱਖਤਾਂ/*ਡਾ. ਜਸਬੀਰ ਸਿੰਘ ਸਰਨਾ/14*
- ਕਾਵਿ ਨਾਟਕ 'ਭਰਮ ਜਲ': ਮਨੋਵਿਸ਼ਲੇਸ਼ਣਾਤਮਕ ਅਧਿਐਨ/*ਜਸਵਿੰਦਰ ਸਿੰਘ/20*
- ਪਰਵਾਸੀ ਪੰਜਾਬੀਆਂ ਦੀ ਜੀਵਨ-ਗਾਥਾ (ਨਿੰਦਰ ਘੁਗਿਆਣਵੀ ਦੇ ਸਫ਼ਰਨਾਮਿਆਂ ਦੇ ਪ੍ਰਸੰਗ ਵਿੱਚ)/*ਡਾ. ਹਰਜਿੰਦਰ ਸਿੰਘ, ਡਾ. ਪ੍ਰੀਤਮ ਸਿੰਘ/25*
- ਮੋਹਨਜੀਤ-ਕਾਵਿ ਵਿਚ ਔਰਤ ਦੇ ਹਉਕੇ ਦੀ ਹੂਕ/*ਰਵਿੰਦਰ ਕੌਰ/33*
- ਜੰਮੂ ਖਿੱਤੇ ਦੇ ਡੋਗਰੀ ਲੋਕ-ਨਾਚ/*ਡਾ. ਸਨੋਬਰ/41*
- ਦੀਪਕ ਜੈਤੋਈ ਦੇ ਗੀਤ : ਪਾਠ ਤੇ ਪ੍ਰਸੰਗ/*ਡਾ. ਹਰਜਿੰਦਰ ਸਿੰਘ/44*
- ਭਗਤ ਕਬੀਰ ਜੀ ਦਾ ਜੀਵਨ : ਤੱਥ ਮੁਲੰਕਣ/*ਅਮਰੀਕ ਸਿੰਘ/55*
- ਪੰਜਾਬੀ ਨਾਰੀ ਕਾਵਿ : ਇਕ ਅਧਿਐਨ/*ਮਨਜੀਤ ਸਿੰਘ/68*
- ਜੰਗ ਐੱਸ. ਵਰਮਨ ਦਾ ਕਾਵਿਕ-ਬੋਧ/*ਪ੍ਰੋ. ਪਰਵਿੰਦਰ ਕੌਰ/80*
- ਕੇਵਲ ਧਾਲੀਵਾਲ ਦਾ ਨਾਟਕ 'ਸੀਸ' : ਇਤਿਹਾਸਕ ਪ੍ਰਸੰਗਿਕਤਾ/*ਨਸੀਬ ਸਿੰਘ/84*
- ਡਾ. ਸੁਰੈਣ ਸਿੰਘ ਵਿਲਖੂ ਦੀ ਵਿਚਾਰਧਾਰਾ : ਇਕ ਅਧਿਐਨ/*ਡਾ. ਸਤਿੰਦਰ ਚੰਚਲ ਰਾਏ/94*
- ਗੁਰੂ ਅਰਜਨ ਸਾਹਿਬ ਦੇ ਸਮੇਂ ਦੇ ਪ੍ਰਸਿੱਧ ਸਿੱਖ (ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ ਦੇ ਹਵਾਲੇ ਨਾਲ)/*ਜਸਵਿੰਦਰ ਸਿੰਘ/101*

❑ ਕਹਾਣੀ ਸੰਸਾਰ

- ਮੈਂ ਹਾਰਿਆ ਕਦੋਂ ਹਾਂ/*ਨਿਰੰਜਣ ਬੋਹਾ/109*
- ਮਾਫੀ/*ਜੰਗ ਐਸ. ਵਰਮਨ/117*
- ਮੇਰੀ ਜਾਨ/*ਮਨਜੀਤ ਸਿੰਘ/122*
- ਬੂਟ/*ਅਰਵਿੰਦਰ ਕੌਰ ਧਾਲੀਵਾਲ/131*

❑ ਕਾਵਿ ਰੂਪ

- ਸਾਰੀ ਧਰਤੀ ਮੇਰੀ/*ਗੁਰਭਜਨ ਗਿੱਲ/138*
- ਕਸ਼ਮੀਰ/*ਭੁਪਿੰਦਰ ਸਿੰਘ ਰੈਨਾ/140*
- ਕਵਿਤਾਵਾਂ/*ਸੁਖਰਾਜ/142*
- ਕਰੋਨਾ !/*ਇਛਪਾਲ ਸਿੰਘ (ਪ੍ਰਿੰ.)/143*
- ਜੇਹਲਮ ਕੰਢੇ ਤੇ/*ਸਲਿੰਦਰ ਸਿੰਘ ਸੋਢੀ /145*

❑ ਬਾਲ ਸਾਹਿਤ

- ਗੁਲਾਬ/*ਡਾ. ਕੀਰਤ ਸਿੰਘ ਇਨਕਲਾਬੀ/146*

❑ ਨਵੀਆਂ-ਕਲਮਾਂ

- ਲੇਖਕ, ਸਮਾਜ ਅਤੇ ਸਾਹਿਤਕ-ਸਮਾਜ : ਅੰਤਰ ਸੰਵਾਦ/*ਮਨਜੀਤ ਸਿੰਘ/147*
- ਜੜ੍ਹਾਂ ਦੀ ਨਿਸ਼ਾਨਦੇਹੀ ਦਾ ਬਿਰਤਾਂਤ ਸਿਰਜਦਾ ਨਾਵਲ 'ਮਿੱਟੀ'/*ਮਨਪ੍ਰੀਤ ਕੌਰ/155*

# ਦੀਪਕ ਜੈਤੋਈ ਦੇ ਗੀਤ : ਪਾਠ ਤੇ ਪ੍ਰਸੰਗ

☐ ਡਾ. ਹਰਜਿੰਦਰ ਸਿੰਘ

ਆਧੁਨਿਕ ਪੰਜਾਬੀ ਕਾਵਿ-ਜਗਤ ਵਿਚ ਦੀਪਕ ਜੈਤੋਈ ਵਿਲੱਖਣ ਕਾਵਿ-ਪ੍ਰਤਿਭਾ ਵਾਲੇ ਸਿਰਜਕ ਵਜੋਂ ਆਪਣੀ ਪਛਾਣ ਸਥਾਪਤ ਕਰਦਾ ਹੈ। ਉਹ ਦਰਪੇਸ਼ ਸਮਾਜ-ਸਭਿਆਚਾਰਕ ਸਰੋਕਾਰਾਂ ਨਾਲ ਸੰਵਾਦ ਰਚਾਉਣ ਲਈ ਇਕ' ਵੇਲੇ ਗ਼ਜ਼ਲਕਾਰ ਵਜੋਂ ਅਤੇ ਗੀਤਕਾਰ ਵਜੋਂ ਦੂਹਰਾ ਕਾਰਜ ਕਰਦਾ ਹੈ। ਉਹ ਜਿੱਥੇ ਪੰਜਾਬੀ ਗ਼ਜ਼ਲ ਦਾ ਮੂੰਹ-ਮੁਹਾਂਦਰਾ ਸੰਵਾਰਨ ਲਈ ਸੁਚੇਤ ਤੇ ਸੁਹਿਰਦ ਯਤਨ ਕਰਦਾ ਹੈ, ਉੱਥੇ ਪੰਜਾਬੀ ਗੀਤਾਂ ਦੀ ਸਿਰਜਨਾ ਵਿਚ ਨਵੇਂ ਕੀਰਤੀਮਾਨ ਵੀ ਸਥਾਪਤ ਕਰਦਾ ਹੈ। ਇਹ ਉਸਦੀ ਵਿਲੱਖਣ ਪ੍ਰਤਿਭਾ ਦਾ ਹੀ ਪ੍ਰਤਾਪ ਹੈ ਕਿ ਉਸ ਦੀ ਗ਼ਜ਼ਲ ਸਿਧਾਂਤਕ ਚੌਖਟਿਆਂ ਵਿਚ ਢਲਦੀ ਹੋਈ ਨਾ-ਕੇਵਲ ਪੰਜਾਬੀ ਗ਼ਜ਼ਲ ਦਾ ਨਵਾਂ ਮਾਡਲ ਸਿਰਜਨ ਵੱਲ ਅਹੁਲਦੀ ਹੈ ਸਗੋਂ ਉਸ ਦੇ ਗੀਤ ਲੋਕ-ਗੀਤਾਂ ਵਰਗੀ ਸਹਿਜਤਾ ਅਤੇ ਸਰਲਤਾ ਨੂੰ ਅੰਗੀਕਾਰ ਕਰਦੇ ਹੋਏ ਲੋਕ-ਪ੍ਰਵਾਨਗੀ ਹਾਸਲ ਕਰਕੇ ਲੋਕ-ਚੇਤਨਾ ਦਾ ਅਟੁੱਟ-ਅੰਗ ਬਣ ਜਾਂਦੇ ਹਨ। ਇਹ' ਵਜ੍ਹਾ ਹੈ ਕਿ ਦੀਪਕ ਜੈਤੋਈ ਜਿਥੇ ਗ਼ਜ਼ਲ ਦੇ ਸਿਰਜਕ ਅਤੇ ਸਿਧਾਂਤਕਾਰ ਵਜੋਂ ਪ੍ਰਵਾਨ ਜੜ੍ਹਦਾ ਹੈ ਉੱਥੇ ਇਕ ਲੋਕ-ਗੀਤਕਾਰ ਵਜੋਂ ਵੀ ਮਾਣ ਹਾਸਲ ਕਰਦਾ ਹੈ।

ਦੀਪਕ ਜੈਤੋਈ ਨੇ ਪੰਜਾਬੀ ਕਾਵਿ-ਜਗਤ ਨੂੰ ਤਿੰਨ ਗ਼ਜ਼ਲ ਸੰਗ੍ਰਹਿ-'ਦੀਪਕ ਦੀ ਲੋਅ', 'ਗ਼ਜ਼ਲ ਦੀ ਖ਼ੁਸ਼ਬੂ' ਅਤੇ 'ਗ਼ਜ਼ਲ ਦੀ ਅਦਾ' ਦਿੱਤੇ ਹਨ। ਉਸ ਨੇ ਗ਼ਜ਼ਲ ਦੀਆਂ ਵਿਧਾਗਤ ਰੀਤੀਆਂ ਸਬੰਧੀ ਇਕ ਸਿਧਾਂਤਕ ਪੁਸਤਕ 'ਗ਼ਜ਼ਲ ਕੀ ਹੈ' ਲਿਖ ਕੇ ਗ਼ਜ਼ਲ ਦੇ ਵਿਧਾਗਤ ਪੈਟਰਨਾਂ ਪ੍ਰਤੀ ਸਿਧਾਂਤਕ ਸਮਝ ਤਿਆਰ ਕਰਨ ਦਾ ਮੁਢਲਾ ਪ੍ਰੰਤੂ ਮਹੱਤਵਪੂਰਨ ਕਾਰਜ ਕੀਤਾ ਹੈ। ਪੰਜਾਬੀ ਗੀਤਾਂ ਦੀ ਇਕ ਪੁਸਤਕ 'ਆ ਲੈ ਮਾਏ ਸਾਂਭ ਕੁੰਜੀਆਂ' ਜ਼ਰੀਏ ਉਹ ਪੰਜਾਬੀ/ਭਾਰਤੀ ਸਮਾਜ-ਸਭਿਆਚਾਰ ਦੇ ਵਿਭਿੰਨ ਵਰਤਾਰਿਆਂ ਨੂੰ ਸਾਹਿਤਕ ਮੁਹਾਵਰੇ ਰਾਹੀਂ ਪ੍ਰਸਤੁਤ ਕਰਦਾ ਹੈ। ਉਹ ਆਪਣੇ ਮਹਾਂਕਾਵਿ 'ਮਾਲਾ ਕਿਉਂ ਤਲਵਾਰ ਬਣੀ' ਵਿਚ ਬੰਦਾ ਸਿੰਘ ਬਹਾਦਰ ਦੇ ਜੀਵਨ-ਬਿਰਤਾਂਤ ਨੂੰ ਪੇਸ਼ ਕਰਦਾ ਹੈ। ਉਸ ਦੇ ਰਚੇ ਹੋਏ ਗੀਤਾਂ ਦੇ ਦੋ ਐੱਲ.ਪੀ. ਰਿਕਾਰਡ-ਸਾਕਾ ਚਾਂਦਨੀ ਚੌਂਕ ਅਤੇ ਜਨਮਸਾਖੀ ਗੁਰੂ ਨਾਨਕ ਦੇਵ ਜੀ ਵੀ ਪ੍ਰਾਪਤ ਹੁੰਦੇ ਹਨ। ਇਨ੍ਹਾਂ ਵਿਚੋਂ ਗੁਰੂ ਸਾਹਿਬਾਂ ਦੇ ਜੀਵਨ-ਬਿਰਤਾਂਤ ਦੇ ਮਹੱਤਵਪੂਰਨ ਵੇਰਵਿਆਂ ਨੂੰ ਗ੍ਰਹਿਣ ਕੀਤਾ ਜਾ ਸਕਦਾ ਹੈ। ਇਸ ਤਰ੍ਹਾਂ ਦੀਪਕ ਜੈਤੋਈ ਵਿਭਿੰਨ ਵਿਧਾਵਾਂ ਜ਼ਰੀਏ ਪੰਜਾਬੀ/ਭਾਰਤੀ ਸਮਾਜ-ਸਭਿਆਚਾਰ ਨਾਲ ਸੰਵਾਦ ਰਚਾਉਂਦਾ ਹੈ। ਉਸ ਦੇ ਸਿਰਜਨਾਤਮਕ ਕਾਰਜ ਦੀ ਗਿਣਾਤਮਕ ਤੇ ਗੁਣਾਤਮਕ ਵਿਲੱਖਣਤਾ ਨੂੰ ਪਛਾਣਦੇ ਹੋਏ ਡਾ. ਮੋਹਨ ਤਿਆਗੀ ਲਿਖਦਾ ਹੈ ਕਿ ਦੀਪਕ ਜੈਤੋਈ ਜਿਥੇ ਪੰਜਾਬੀ ਗ਼ਜ਼ਲ ਦੇ ਮੋਢੀ ਸਿਰਜਕਾਂ ਵਿਚੋਂ ਸਨ, ਉਥੇ ਉਸ ਨੇ ਪੰਜਾਬੀ ਗ਼ਜ਼ਲ

*ਪੰਜਾਬੀ ਅਤੇ ਡੋਗਰੀ ਵਿਭਾਗ, ਹਿਮਾਚਲ ਪ੍ਰਦੇਸ਼ ਕੇਂਦਰੀ ਯੂਨੀਵਰਸਿਟੀ, ਧਰਮਸ਼ਾਲਾ (ਹਿਮਾਚਲ ਪ੍ਰਦੇਸ਼)*

ਅਤੇ ਗੀਤ ਦਾ ਮੂੰਹ ਮੱਥਾ ਸੰਵਾਰਨ ਵਿਚ ਵੀ ਵੱਡਮੁੱਲਾ ਯੋਗਦਾਨ ਪਾਇਆ। ਉਸ ਨੇ ਪੰਜਾਬੀ ਗ਼ਜ਼ਲ ਨੂੰ ਸਿਖਰ 'ਤੇ ਪਹੁੰਚਾਉਣ ਦੇ ਨਾਲ-ਨਾਲ ਗ਼ਜ਼ਲ ਦੇ 'ਦੀਪਕ ਸਕੂਲ' ਦੀ ਸਥਾਪਨਾ ਵੀ ਕੀਤੀ, ਜਿਸ ਨੇ ਪੰਜਾਬੀ ਗ਼ਜ਼ਲ ਨੂੰ ਕਈ ਸਿਰਕੱਢ ਗ਼ਜ਼ਲਕਾਰ ਦਿੱਤੇ। ਜ਼ਾਹਿਰ ਹੈ, ਦੀਪਕ ਜੈਤੋਈ ਨੇ ਪੰਜਾਬੀ ਗ਼ਜ਼ਲ ਤੇ ਗੀਤ ਨੂੰ ਸਿਧਾਂਤਕ ਪਕਿਆਈ ਅਤੇ ਵਿਹਾਰਕ ਉਚਿਆਈ ਪ੍ਰਦਾਨ ਕਰਨ ਲਈ ਇਕ ਸੰਸਥਾ ਵਜੋਂ ਕਾਰਜ ਕੀਤਾ। ਉਸ ਦੇ ਇਸ ਕਾਰਜ ਨੂੰ ਵਡੇਰੇ-ਕਾਰਜ ਵਜੋਂ ਅਹਿਮੀਅਤ ਦਿੰਦੇ ਹੋਏ ਸੁਲੱਖਣ ਸਰਹੱਦੀ ਲਿਖਦਾ ਹੈ ਕਿ ਪੰਜਾਬੀ ਗ਼ਜ਼ਲ ਦੀਪਕ ਜੈਤੋਈ ਤੋਂ ਪਹਿਲਾਂ ਵੀ ਲਿਖੀ ਜਾਂਦੀ ਸੀ ਅਤੇ ਪਹਿਲਾਂ ਵੀ ਕਈ ਉਸਤਾਦ ਸਨ ਜੋ ਬਕਾਇਦਾ ਗ਼ਜ਼ਲ ਸਕੂਲ ਚਲਾ ਰਹੇ ਸਨ ਪ੍ਰੰਤੂ ਦੀਪਕ ਨਾਲ ਪੰਜਾਬੀ ਗ਼ਜ਼ਲ ਦਾ ਮਾਣ ਸਨਮਾਣ ਜਿਹੜਾ ਬਣਿਆ ਇਹ ਪਹਿਲਾਂ ਨਹੀਂ ਸੀ। ਸਪੱਸ਼ਟ ਹੈ, ਦੀਪਕ ਜੈਤੋਈ ਦੇ ਸਿਧਾਂਤਕ ਤੇ ਵਿਹਾਰਕ ਯਤਨਾਂ ਸਦਕਾ ਪੰਜਾਬੀ ਗ਼ਜ਼ਲ ਤੇ ਗੀਤ ਨਾ-ਕੇਵਲ ਨਵੀਂ ਦਿਸ਼ਾ ਅਖਤਿਆਰ ਕਰਦੇ ਹਨ ਸਗੋਂ ਨਵੇਂ ਗ਼ਜ਼ਲਕਾਰਾਂ ਅਤੇ ਗੀਤਕਾਰਾਂ ਲਈ ਪ੍ਰੇਰਨਾ ਸਰੋਤ ਵੀ ਬਣਦੇ ਹਨ।

ਅਧਿਐਨ ਕਾਰਜ ਦਾ ਕੇਂਦਰ ਦੀਪਕ ਜੈਤੋਈ ਦੇ ਗੀਤ ਹੋਣ ਕਰਕੇ ਉਸਦੇ ਗੀਤ-ਸੰਗ੍ਰਹਿ 'ਆਹ ਲੈ ਮਾਏਂ ਸਾਂਭ ਕੁੰਜੀਆਂ' ਵਿਚਲੇ ਗੀਤਾਂ ਨੂੰ ਪਾਠ ਤੇ ਪ੍ਰਸੰਗ ਦੇ ਅੰਤਰਗਤ ਵਿਚਾਰਨ ਦਾ ਯਤਨ ਕੀਤਾ ਗਿਆ ਹੈ। ਇਸ ਗੀਤ-ਸੰਗ੍ਰਹਿ ਵਿਚ ਦੀਪਕ ਜੈਤੋਈ ਨੇ ਵਿਭਿੰਨ ਪ੍ਰਕਾਰ ਦੇ ਗੀਤਾਂ ਨੂੰ ਸ਼ਾਮਲ ਕੀਤਾ ਹੈ। ਉਸ ਨੇ ਗੀਤ ਕਾਵਿ-ਵਿਧਾ ਦੀਆਂ ਵਿਭਿੰਨ ਵੰਨਗੀਆਂ ਜ਼ਰੀਏ ਤਤਕਾਲੀਨ ਸਮੇਂ ਦੇ ਭਾਰਤੀ/ਪੰਜਾਬੀ ਸਮਾਜ-ਸਭਿਆਚਾਰ ਨੂੰ ਸਮੱਗਰ ਰੂਪ ਵਿਚ ਪੇਸ਼ ਕੀਤਾ ਹੈ। ਕਾਵਿ-ਵਿਧਾ 'ਗੀਤ' ਦੀ ਇਹ ਖ਼ਾਸੀਅਤ ਹੁੰਦੀ ਹੈ ਕਿ ਇਹ ਸੰਗੀਤਕ ਧੁਨਾਂ ਦੀ ਪੁੱਠ ਚੜ੍ਹਿਆ ਸਮੇਂ ਦਾ ਹਾਣੀ ਹੋ ਕੇ ਕਿਸੇ ਵਿਸ਼ੇਸ਼ ਖਿਤੇ ਦੇ ਬਸ਼ਿੰਦਿਆਂ ਦੇ ਮਨੋ-ਵੇਗਾਂ ਨੂੰ ਹੁਲਾਰਾ ਦੇ ਜਾਂਦਾ ਹੈ। ਸਾਹਿਤ ਕੋਸ਼ ਅਨੁਸਾਰ ਸੰਗੀਤ ਭਰਪੂਰ ਕਾਵਿ ਨੂੰ 'ਗੀਤ' ਕਿਹਾ ਜਾਂਦਾ ਹੈ। ਇਹ ਕਾਵਿ ਦੇ ਚਹੁੰ ਭੇਦਾਂ ਵਿਚੋਂ ਇਕ ਹੈ, ਬਾਕੀ ਤਿੰਨ ਹਨ-ਮੁਕਤਕ, ਪ੍ਰਬੰਧ ਤੇ ਦ੍ਰਿਸ਼ਯ-ਕਾਵਿ। ਗੀਤ ਵਿਚ ਕਵੀ ਦੀ ਵਿਅਕਤੀਗਤ ਤੇ ਅੰਦਰਲੀ ਭਾਵਨਾ ਉਭਰ ਕੇ ਪ੍ਰਗਟ ਹੋਈ ਹੁੰਦੀ ਹੈ। ਕਈਆਂ ਦਾ ਵਿਚਾਰ ਹੈ ਕਿ ਗੀਤ ਵਿਚ ਕੇਵਲ ਇਕ ਵਿਚਾਰ, ਭਾਵਨਾ ਜਾਂ ਸਥਿਤੀ ਦੀ ਪ੍ਰਧਾਨਤਾ ਹੁੰਦੀ ਹੈ। ਪ੍ਰਭਾਵ ਦੀ ਏਕਤਾ ਇਸ ਦਾ ਦੂਜਾ ਗੁਣ ਹੈ, ਇਸੇ ਲਈ ਆਮ ਤੌਰ 'ਤੇ ਗੀਤ ਬਹੁਤੇ ਲੰਮੇ ਨਹੀਂ ਹੁੰਦੇ।-ਗੀਤ ਕਵੀ ਦੀ ਆਤਮ-ਅਭਿਵਿਅਕਤੀ ਹੈ ਪਰ ਆਤਮ-ਕਥਾ ਨਹੀਂ ਕਿਉਂਕਿ ਇਹ ਕਵੀ ਦੇ ਹਿਰਦੇ ਦੇ ਇਕ ਵਿਸ਼ੇਸ਼ ਜਜ਼ਬੇ ਨੂੰ ਚਿਤਰਦਾ ਹੈ, ਸਾਰੇ ਹਿਰਦੇ ਨੂੰ ਨਹੀਂ ਜੋ ਕਿ ਅਨੇਕ ਭਾਵਾਂ ਦਾ ਭੰਡਾਰ ਹੈ। ਇਹਨਾਂ ਭਾਵਾਂ ਦੇ ਭੰਡਾਰ ਨੂੰ ਗੀਤਕਾਰ ਵਿਭਿੰਨ ਪ੍ਰਕਾਰ ਦੇ ਗੀਤਾਂ ਰਾਹੀਂ ਪ੍ਰਸਤੁਤ ਕਰਦਾ ਹੈ। ਇਸੇ ਪ੍ਰਸਤੁਤੀਕਰਨ ਦੀ ਪ੍ਰਕ੍ਰਿਆ ਵਿਚ ਪਿਆ ਦੀਪਕ ਜੈਤੋਈ ਵਿਭਿੰਨ ਪ੍ਰਕਾਰ ਦੇ ਗੀਤਾਂ ਦੀ ਸਿਰਜਣਾ ਕਰਦਾ ਹੈ। ਉਸ ਦੇ ਗੀਤਾਂ ਨੂੰ ਪਾਠ-ਮੂਲਕੀ ਪਰਿਪੇਖ ਦੇ ਅੰਤਰਗਤ ਸਮਾਜ-ਸਭਿਆਚਾਰਕ, ਧਾਰਮਿਕ-ਇਤਿਹਾਸਕ ਤੇ ਕ੍ਰਾਂਤੀਕਾਰੀ ਆਦਿ ਵਿਭਿੰਨ ਕੋਟੀਆਂ ਵਿਚ ਵੰਡ ਕੇ ਪ੍ਰਸੰਗ-ਮੂਲਕ ਦ੍ਰਿਸ਼ਟੀ ਤੋਂ ਅਧਿਐਨ ਪ੍ਰਕ੍ਰਿਆ ਵਿਚ ਪਾਇਆ ਜਾ ਸਕਦਾ ਹੈ। ਇਹਨਾਂ ਗੀਤਾਂ ਵਿਚੋਂ ਬਹੁਤੇ ਗੀਤ ਦੀਪਕ ਜੈਤੋਈ ਦੇ ਜਿਉਂਦੇ ਜੀਅ ਹੀ ਲੋਕ-ਗੀਤਾਂ ਦਾ ਦਰਜਾ ਹਾਸਲ ਕਰ ਜਾਂਦੇ ਹਨ। ਆਮ ਤੌਰ ਤੇ ਹੁੰਦਾ ਇਹ ਹੈ ਕਿ ਲੇਖਕ ਦੇ ਇਸ ਫਾਨੀ ਸੰਸਾਰੀ ਤੋਂ ਟੁਰ ਜਾਣ ਤੋਂ ਬਾਅਦ ਕਈ ਸਾਲਾਂ ਦੀ ਲੰਮੀ ਇਤਿਹਾਸਕ ਪ੍ਰਕਿਰਿਆ ਵਿਚੋਂ ਗੁਜ਼ਰਦੇ ਉਸ ਦੇ ਗੀਤ ਸਬੰਧਿਤ ਖਿੱਤੇ ਦੇ ਸਮਾਜ-ਸਭਿਆਚਾਰਕ ਚੁਗਿਰਦੇ ਵਿਚ ਵਸਦੇ ਜਨ-ਸਮੂਹ ਵਿਚ ਲੋਕ-ਗੀਤਾਂ ਦਾ ਦਰਜਾ ਹਾਸਲ ਕਰਦੇ ਹਨ ਪਰੰਤੂ

ਦੀਪਕ ਜੈਤੋਈ ਨਾਲ ਇਸ ਤੋਂ ਬਿਲਕੁਲ ਉਲਟ ਵਾਪਰਿਆ। ਜ਼ਾਹਿਰ ਹੈ, ਦੀਪਕ ਜੈਤੋਈ ਦੇ ਗੀਤ ਤਤਕਾਲੀ ਸਮੇਂ ਦੇ ਸਮਾਜ-ਸਭਿਆਚਾਰਕ ਲੋਕ-ਸਮੂਹ ਦੀ ਮਨੋ-ਸਥਿਤੀ ਦੇ ਬਿਲਕੁਲ ਹਾਣ ਦੇ ਸਨ, ਇਸੇ ਕਰਕੇ ਇਹ ਗੀਤ ਇੰਨੇ ਥੋੜ੍ਹੇ ਵਕਫ਼ੇ ਵਿਚ ਨਾ-ਕੇਵਲ ਲੋਕਾਂ ਦੀ ਜ਼ੁਬਾਨ 'ਤੇ ਚੜ੍ਹਦੇ ਹਨ ਸਗੋਂ ਜਨ-ਸਮੂਹ ਦੀ ਸਮੂਹਿਕ ਪ੍ਰਵਾਨਗੀ ਸਦਕਾ ਲੋਕ-ਗੀਤਾਂ ਦਾ ਦਰਜਾ ਵੀ ਹਾਸਲ ਕਰਦੇ ਹਨ। ਆਮ ਪ੍ਰਚੱਲਤ ਧਾਰਨਾ ਇਹ ਹੈ ਕਿ ਲੋਕ-ਗੀਤਾਂ ਦਾ ਸਿਰਜਕ ਕੋਈ ਖ਼ਾਸ ਵਿਅਕਤੀ ਨਹੀਂ ਹੁੰਦਾ ਸਗੋਂ ਇਹ ਗੀਤ ਲੋਕ-ਸਮੂਹ ਦੀ ਸਿਰਜਣਾ ਹੁੰਦੇ ਹਨ। (ਅਸਲ ਵਿਚ ਲੋਕ-ਗੀਤ ਦਾ ਸਿਰਜਕ ਤਾਂ ਕੋਈ ਵਿਸ਼ੇਸ਼ ਵਿਅਕਤੀ ਹੀ ਹੁੰਦਾ ਹੈ ਪਰੰਤੂ ਸਮਾਂ ਪਾ ਕੇ ਇਹ ਗੀਤ ਇਨਾਂ ਮਕਬੂਲ ਹੋ ਜਾਂਦਾ ਹੈ ਕਿ ਇਹ ਲੋਕ-ਸਮੂਹ ਦੀ ਜ਼ਬਾਨ 'ਤੇ ਚੜ੍ਹਿਆ ਲੋਕਾਂ ਦਾ ਹੀ ਗੀਤ ਬਣ ਜਾਂਦਾ ਹੈ ਤੇ ਇਸ ਦੇ ਮੂਲ ਲੇਖਕ ਦਾ ਨਾਂ ਇਸ ਨਾਲੋਂ ਨਿਖੜ ਜਾਂਦਾ ਹੈ। ) ਸਾਹਿਤ-ਕੋਸ਼ ਅਨੁਸਾਰ ਲੋਕ-ਗੀਤ ਦੇ ਸ਼ਾਬਦਿਕ ਅਰਥ ਲੋਕਾਂ ਦੁਆਰਾ ਰਚਿਤ ਗੀਤਾਂ ਵਜੋਂ ਹੀ ਕੀਤੇ ਗਏ ਹਨ। ਇਹ ਗੀਤ ਲੋਕ-ਸੱਧਰਾਂ ਤੇ ਲੋਕ-ਜਜ਼ਬਿਆਂ ਦੀ ਸਹੀ ਤਰਜ਼ਮਾਨੀ ਕਰਨ ਵਾਲੇ ਹੁੰਦੇ ਹਨ। ਇਨ੍ਹਾਂ ਦੇ ਰਚਨਹਾਰ ਦਾ ਪਤਾ ਨਹੀਂ ਹੁੰਦਾ। ਲੋਕ ਇਨ੍ਹਾਂ ਨੂੰ ਆਪਣਾ ਹੀ ਨਹੀਂ ਲੈਂਦੇ ਸਗੋਂ ਪਿਆਰ ਨਾਲ ਆਪਣੀ ਹਿੱਕ ਵਿਚ ਸੰਭਾਲਦੇ 'ਤੇ ਹਿਰਦੇ-ਵੇਧਕ ਹੂਕ ਨਾਲ ਗਾਉਂਦੇ ਵੀ ਹਨ। ਜ਼ਾਹਿਰ ਹੈ, ਇਹ ਦੀਪਕ ਜੈਤੋਈ ਦੀ ਲੋਕਧਾਰਾਈ ਖ਼ਸਲਤਾਂ ਨਾਲ ਪ੍ਰਣਾਈ ਕਲਾਤਮਿਕ ਅਭਿਵਿਅਕਤੀ ਵਿਚਲਾ ਵਿਵੇਕ ਹੀ ਹੈ ਜੋ ਲੋਕ-ਜਜ਼ਬਿਆਂ ਅਤੇ ਲੋਕ-ਸੱਧਰਾਂ ਦੀ ਤਰਜ਼ਮਾਨੀ ਜਨ-ਸਮੂਹ ਦੀ ਮਨੋ-ਸਥਿਤੀ ਦੇ ਪੱਧਰ 'ਤੇ ਜਾ ਕੇ ਕਰਦਾ ਹੈ ਤੇ ਦੀਪਕ ਜੈਤੋਈ ਨੂੰ ਲੋਕਾਂ ਦਾ ਸ਼ਾਇਰ ਬਣਾ ਦਿੰਦਾ ਹੈ। ਇਹ' ਵਜ੍ਹਾ ਹੈ ਕਿ ਉਸ ਦੇ ਗੀਤ 'ਆ ਲੈ ਮਾਏਂ ਸਾਂਭ ਕੁੰਜੀਆਂ; ਧੀਆਂ ਕਰ ਚੱਲੀਆਂ ਸਰਦਾਰੀ...।', ਅਤੇ 'ਗੱਲ ਸੋਚ ਕੇ ਕਰੀਂ ਤੂੰ ਜੈਲਦਾਰਾ, ਵੇ ਅਸਾਂ ਨਈਂ ਕਨੌੜ ਝੱਲਣੀ...।' ਆਦਿ 'ਗੀਤ' ਲੋਕ-ਗੀਤ ਬਣ ਕੇ ਪੰਜਾਬੀ ਲੋਕ-ਸਮੂਹ ਦੇ ਅਵਚੇਤਨ ਦਾ ਅਟੁੱਟ ਅੰਗ ਬਣੇ ਹੋਏ ਹਨ। ਇਸ ਤਰ੍ਹਾਂ ਦੀਪਕ ਜੈਤੋਈ ਦੇ ਗੀਤ ਲੋਕ-ਅਨੁਭਵਾਂ ਅਤੇ ਸਮਾਜ-ਸਭਿਆਚਾਰਕ ਸਰੋਕਾਰਾਂ ਦੀ ਤਰਜ਼ਮਾਨੀ ਕਰਦੇ ਹੋਏ ਪੰਜਾਬੀ ਸਾਹਿਤਕ ਗੀਤਕਾਰੀ ਵਿਚ ਆਪਣੀ ਨਿਵੇਕਲੀ ਥਾਂ ਬਣਾਉਂਦੇ ਹਨ। ਇਹ ਗੀਤ ਸਮੇਂ ਦੇ ਹਾਣੀ ਹੁੰਦੇ ਹੋਏ ਭਵਿੱਖੀ ਸਮਾਜ-ਸਭਿਆਚਾਰਕ ਵਰਤਾਰਿਆਂ ਪ੍ਰਤੀ ਵਿਸ਼ਲੇਸ਼ਣੀ ਤੇ ਮੁਲਾਂਕਣੀ ਦ੍ਰਿਸ਼ਟੀ ਦਾ ਸੰਚਾਰ ਕਰਦੇ ਹਨ। ਅਸਲ ਵਿਚ ਗੀਤ ਅਜਿਹਾ ਰੂਪਾਕਾਰ ਹੁੰਦਾ ਹੈ ਜੋ ਤਤਕਾਲੀ ਸਮਿਆਂ ਵਿਚ ਵਾਪਰ ਰਹੀਆਂ ਤਬਦੀਲੀਆਂ ਅਤੇ ਵਰਤਾਰਿਆਂ ਦੇ ਸਮੁੱਚੇ ਘਟਨਾਕ੍ਰਮ ਨੂੰ ਨਾ-ਕੇਵਲ ਆਪਣੀ ਆਧਾਰ ਸਮੱਗਰੀ ਵਜੋਂ ਗ੍ਰਹਿਣ ਕਰਦਾ ਹੈ ਸਗੋਂ ਇਸ ਘਟਨਾਕ੍ਰਮ ਦੀ ਪਿੱਠਭੂਮੀ ਵਿਚ ਕਾਰਜਸ਼ੀਲ ਪ੍ਰਸੰਗਿਕ ਸਥਿਤੀਆਂ ਦੀ ਨਿਸ਼ਾਨਦੇਹੀ ਵੀ ਕਰਦਾ ਹੈ। ਗੀਤ ਦੀ ਅਜਿਹੀ ਬਹੁ-ਪਰਿਪੇਖੀ ਖ਼ਾਸੀਅਤ ਦੇ ਮੱਦੇਨਜ਼ਰ ਡਾ. ਮੋਹਨ ਤਿਆਗੀ ਲਿਖਦਾ ਹੈ ਕਿ ਗੀਤ ਸਮਾਜਿਕ-ਸਭਿਆਚਾਰਕ ਤਬਦੀਲੀਆਂ ਵਿਚੋਂ ਗੁਜ਼ਰਦਾ ਹੋਇਆ ਆਪਣੇ ਸਮੇਂ ਦੀ ਯੁੱਗ ਚੇਤਨਾ ਦਾ ਪ੍ਰਗਟਾਵਾ ਵੀ ਕਰਦਾ ਹੈ। ਗੀਤ ਆਪਣੇ ਆਪ ਵਿਚ ਮਨੁੱਖੀ ਜਜ਼ਬੇ ਦੇ ਨਾਲ-ਨਾਲ ਹੋਰ ਵੀ ਬੜਾ ਕੁਝ ਸਮੋਈ ਬੈਠਾ ਹੈ। ਗੀਤ ਜਿਥੇ ਸਮਾਜਿਕ ਚੇਤਨਾ ਦਾ ਵਾਹਕ ਹੁੰਦਾ ਹੈ, ਉੱਥੇ ਨਾਲ ਹੀ ਸਮਕਾਲੀ ਸਮਾਜ ਦਾ ਸ਼ੀਸ਼ਾ ਵੀ ਹੁੰਦਾ ਹੈ, ਜਿਸ ਵਿਚੋਂ ਸਮਕਾਲੀ ਸਮਾਜ-ਸਭਿਆਚਾਰਕ ਦ੍ਰਿਸ਼ ਦਾ ਝਲਕਾਰਾ ਸਪੱਸ਼ਟ ਰੂਪ ਵਿਚ ਵੇਖਿਆ ਜਾ ਸਕਦਾ ਹੈ। ਜ਼ਾਹਿਰ ਹੈ, ਗੀਤ ਜਿਸ ਸਮੇਂ ਵਿਚ ਲਿਖਿਆ ਜਾ ਰਿਹਾ ਹੁੰਦਾ ਹੈ, ਉਸ ਸਮੇਂ ਦੇ ਵਿਭਿੰਨ ਵਰਤਾਰਿਆਂ ਪ੍ਰਤੀ ਉਹ ਨਾ-ਕੇਵਲ ਵਿਸ਼ਲੇਸ਼ਣੀ ਪਹੁੰਚ ਅਪਣਾ ਰਿਹਾ ਹੁੰਦਾ ਹੈ ਸਗੋਂ ਪ੍ਰਤੀਕਰਮ ਦੇ ਰੂਪ ਵਿਚ ਉਹਨਾਂ ਨੂੰ ਪ੍ਰਭਾਵਿਤ ਵੀ ਕਰ ਰਿਹਾ ਹੁੰਦਾ ਹੈ। ਇਸੇ ਪਰਿਪੇਖ ਵਿਚ ਦੀਪਕ ਜੈਤੋਈ ਦੇ ਗੀਤਾਂ ਨੂੰ ਨਾ-ਕੇਵਲ ਪਾਠ-

ਮੂਲਕ ਦ੍ਰਿਸ਼ਟੀ ਤੋਂ ਪੜ੍ਹ ਅਤੇ ਸੁਣ ਕੇ ਮਾਣਿਆ ਜਾ ਸਕਦਾ ਹੈ ਸਗੋਂ ਉਹਨਾਂ ਨੂੰ ਪ੍ਰਸੰਗਿਕ ਸਥਿਤੀਆਂ ਦੀ ਦ੍ਰਿਸ਼ਟੀ ਤੋਂ ਸਮਾਜ-ਸਭਿਆਚਾਰਕ ਦਸਤਾਵੇਜ਼ ਵਜੋਂ ਅਧਿਐਨ ਪ੍ਰਕਿਰਿਆ ਵਿਚ ਪਾ ਕੇ ਵਿਭਿੰਨ ਵਰਤਾਰਿਆਂ ਪ੍ਰਤੀ ਇਤਿਹਾਸਕ-ਸਮਝ ਵੀ ਤਿਆਰ ਕੀਤੀ ਜਾ ਸਕਦੀ ਹੈ।

ਦੀਪਕ ਜੈਤੋਈ ਦੇ ਗੀਤ ਉਹਨਾਂ ਇਤਿਹਾਸਕ ਸਮਿਆਂ ਦਾ ਸਮਾਜ-ਸਭਿਆਚਾਰਕ ਦਸਤਾਵੇਜ਼ ਹਨ, ਜਦੋਂ ਪੰਜਾਬ ਦੇ ਮਾਲਵਾ ਖਿੱਤੇ ਦੇ ਪੇਂਡੂ ਸਮਾਜਚਾਰੇ ਵਿਚ ਜਗੀਰਦਾਰੀ ਅਰਥ-ਪ੍ਰਬੰਧ ਦੇ ਅੰਤਰਗਤ ਜ਼ਮੀਨ ਦੀ ਵੱਧ ਮਾਲਕੀ ਵਾਲੇ ਜਗੀਰਦਾਰਾਂ, ਜ਼ਿਮੀਦਾਰਾਂ ਦੀ ਪੰਜਾਬ ਦੀਆਂ ਪੇਂਡੂ ਸਮਾਜ-ਸਭਿਆਚਾਰਕ ਸੰਸਥਾਵਾਂ ਵਿਚ ਪ੍ਰਭੂਸੱਤਾ ਬਣੀ ਹੋਈ ਸੀ। ਪੇਂਡੂ-ਅਰਥ-ਪ੍ਰਬੰਧ ਦਾ ਦਾਰੋਮਦਾਰ ਜ਼ਮੀਨ 'ਤੇ ਨਿਰਭਰ ਹੋਣ ਕਰਕੇ ਅਤੇ ਜ਼ਮੀਨ ਦੀ ਮਾਲਕੀ ਦਾ ਹੱਕ ਮਰਦ ਕੋਲ ਹੋਣ ਕਰਕੇ ਪਰਿਵਾਰਕ ਪੱਧਰ 'ਤੇ ਵੀ ਮਰਦ ਦੀ ਪ੍ਰਭੂਸੱਤਾ ਬਣੀ ਰਹਿੰਦੀ ਹੈ ਅਤੇ ਔਰਤ ਆਰਥਿਕ ਵਸੀਲਿਆਂ ਦੀ ਮਾਲਕੀ ਪੱਖੋਂ ਮਹਿਰੂਮ ਹੋਣ ਕਰਕੇ ਦੁਜੈਲੇ ਪੱਧਰ ਦੀ ਨਾਗਰਿਕ ਬਣ ਕੇ ਰਹਿ ਜਾਂਦੀ ਹੈ। ਆਰਥਿਕ ਪ੍ਰਭੂਤਵ ਹਾਸਲ ਹੋਣ ਕਰਕੇ ਮਰਦ ਪਰਿਵਾਰ ਵਿਚ ਆਪਣੀ ਸਭਿਆਚਾਰਕ ਸਰਦਾਰੀ ਕਾਇਮ ਕਰਕੇ ਰਖਦਾ ਹੈ ਤੇ ਔਰਤ ਆਰਥਿਕ ਪੱਖੋਂ ਹੀਣੀ ਹੋਣ ਦੀ ਸੂਰਤ ਵਿਚ ਆਪਣੀਆਂ ਛੋਟੀਆਂ-ਛੋਟੀਆਂ ਸੱਧਰਾਂ, ਇਛਾਵਾਂ, ਅਕਾਂਖਿਆਵਾਂ ਦੀ ਪੂਰਤੀ ਲਈ ਮਰਦ ਅੱਗੇ ਹੱਥ ਅੱਡਣ ਲਈ ਮਜ਼ਬੂਰ ਹੁੰਦੀ ਹੈ। ਅਜਿਹੀਆਂ ਵਿਡੰਬਣਕਾਰੀ ਪਰਿਵਾਰਕ ਸਥਿਤੀਆਂ ਦੀ ਤਰਜ਼ਮਾਨੀ ਕਰਨ ਲਈ ਦੀਪਕ ਜੈਤੋਈ ਨੇ ਅਨੇਕ ਗੀਤਾਂ ਦੀ ਸਿਰਜਨਾ ਕੀਤੀ ਹੈ। ਮਿਸਾਲ ਵਜੋਂ ਗੀਤ ਦੀਆਂ ਇਹ ਸਤਰਾਂ ਵੇਖੀਆਂ ਜਾ ਸਕਦੀਆਂ ਹਨ :

ਆਪ ਤਾਂ ਤੂੰ ਰੇਸ਼ਮੀ ਪੁਸ਼ਾਕਾਂ ਪਾਈ ਰੱਖਦੈਂ,
ਮੈਨੂੰ ਜੱਟਾ ਐਵੇਂ, ਲਾਰਾ ਲੱਪਾ ਲਾਈ ਰੱਖਦੈਂ।
ਮੈਨੂੰ ਲੋਕ ਕਰਨ ਮਖੌਲ, ਘੜ੍ਹਾ ਦੇ ਹੌਲਦਲੀ,
ਮੇਰੇ ਪੈਣ ਕਲੇਜੇ ਹੌਲ, ਘੜ੍ਹਾ ਦੇ ਹੌਲਦਲੀ।

ਜ਼ਾਹਿਰ ਹੈ, ਆਰਥਿਕ ਵਸੀਲਿਆਂ ਦੀ ਮਾਲਕੀ ਅਤੇ ਮਰਦ-ਪ੍ਰਧਾਨ ਸਮਾਜ ਦੀ ਵਿਚਾਰਧਾਰਕ ਕਰੜਾਈ ਦੇ ਅੰਤਰਗਤ ਪਤੀ ਸਮਾਜ-ਸਭਿਆਚਾਰਕ ਪਰਿਵੇਸ਼ ਵਿਚ ਵਧੇਰੇ ਖੁਲ੍ਹਾਂ ਮਾਣਦਾ ਰਿਹਾ ਹੈ ਅਤੇ ਪਤਨੀ ਆਪਣੀਆਂ ਨਿਗੁਣੀਆਂ ਲੋੜਾਂ ਲਈ ਉਸ ਅੱਗੇ ਅਰਜੋਈਆਂ ਕਰਦੀ ਰਹੀ ਹੈ। ਦੂਜੇ ਪਾਸੇ ਇਤਿਹਾਸਕ-ਵਿਕਾਸ ਅਮਲ ਦੌਰਾਨ ਪੈਦਾ ਹੋਈ ਇਤਿਹਾਸਕ ਚੇਤਨਾ ਨਾ-ਕੇਵਲ ਔਰਤ ਨੂੰ ਉਸ ਦੇ ਹੱਕਾਂ ਪ੍ਰਤੀ ਚੇਤੰਨ ਕਰਦੀ ਹੈ ਸਗੋਂ ਉਹਨਾਂ ਦੀ ਪੂਰਤੀ ਲਈ ਢੁਕਵੇਂ ਸਮੇਂ ਅਤੇ ਸਥਾਨ ਦੀ ਸੋਝੀ ਵੀ ਪ੍ਰਦਾਨ ਕਰਦੀ ਹੈ। ਉਪਰੋਕਤ ਗੀਤ ਵਿਚਲੀ ਔਰਤ ਆਪਣੇ ਪਤੀ ਨੂੰ ਹੌਲਦਲੀ (ਗਹਿਣਾ) ਬਣਾ ਕੇ ਦੇਣ ਲਈ ਅਰਜੋਈ ਕਰਦੀ ਹੈ ਪਰੰਤੂ ਅੱਗੇ ਲਿਖੇ ਗੀਤ ਵਿਚਲੀ ਔਰਤ, ਪਤੀ ਵੱਲੋਂ ਕੱਪੜੇ ਨਾ ਬਣਾ ਕੇ ਦੇਣ ਦੀ ਸੂਰਤ ਵਿਚ ਕਚਹਿਰੀ ਜਾ ਕੇ ਉਸ ਵਿਰੁੱਧ ਮੁਕੱਦਮਾ ਠੋਕਣ ਦੀ ਧਮਕੀ ਦਿੰਦੀ ਹੈ। ਸਪੱਸ਼ਟ ਹੈ, ਪਹਿਲੇ ਗੀਤ ਵਿਚਲੀ ਔਰਤ ਉਸ ਪਰੰਪਰਕ ਔਰਤ ਦੀ ਨੁਮਾਇੰਦਗੀ ਕਰਦੀ ਹੈ ਜੋ ਸੱਧਰਾਂ/ਉਮੰਗਾਂ ਤਾਂ ਪੂਰੀਆਂ ਕਰਨਾ ਲੋਚਦੀ ਹੈ ਪਰੰਤੂ ਪਤੀ ਦੀ ਰਜ਼ਾ ਵਿਚ ਰਹਿ ਕੇ, ਇਸ ਤੋਂ ਉਲਟ ਦੂਜੇ ਗੀਤ ਵਿਚਲੀ ਔਰਤ ਆਧੁਨਿਕ ਚੇਤਨਾ ਨਾਲ ਪ੍ਰਣਾਈ ਔਰਤ ਦੀ ਨੁਮਾਇੰਦਗੀ ਕਰਦੀ ਹੋਈ ਆਪਣੀਆਂ ਲੋੜਾਂ ਨਾ ਪੂਰੀਆਂ ਕਰਨ ਦੀ ਹਾਲਤ ਵਿਚ ਕਚਹਿਰੀ ਜਾ ਕੇ ਪਤੀ ਵਿਰੁੱਧ ਕੇਸ

ਲੜਨ ਦਾ ਭਵਿੱਖੀ ਤੇ ਨਿਆਂ ਸੰਗਤ ਰਸਤਾ ਅਖਤਿਆਰ ਕਰਨ ਦੀ ਸੂਚਨਾ ਦਿੰਦੀ ਹੈ। ਮਿਸਾਲ ਵਜੋਂ ਗੀਤ ਦੀਆਂ ਇਹ ਸਤਰਾਂ ਵੇਖੀਆਂ ਜਾ ਸਕਦੀਆਂ ਹਨ :

ਤੂੰ ਛੱਡਦਾ ਏਂ ਟੌਰਾ ਜੱਟਾ
ਮੇਰੇ ਸਿਰ 'ਤੇ ਨਹੀਂ ਦੁਪੱਟਾ
ਮੈਂ ਰੱਖੀ ਹੁਣ ਤੀਕ ਸਮਾਈ-
ਪਰ ਤੂੰ ਜਾਣੇ ਟਿੱਚ।
ਤਿਰੇ ਨਾਲ ਝਗੜੂੰਗੀ,
ਭਰੀ ਕਚਹਿਰੀ ਵਿਚ...।

ਇਉਂ ਇਤਿਹਾਸਕ ਵਿਕਾਸ-ਪ੍ਰਕਿਰਿਆ ਦੇ ਅਮਲ ਦੌਰਾਨ ਪੈਦਾ ਹੋਈ ਨਾਰੀਵਾਦੀ ਚੇਤਨਾ ਨਾਲ ਪ੍ਰਣਾਈ ਪੇਂਡੂ ਅਣਪੜ੍ਹ ਔਰਤ ਆਪਣੇ ਹੱਕਾਂ ਪ੍ਰਤੀ ਚੇਤੰਨ ਹੁੰਦੀ ਹੋਈ ਨਾ-ਕੇਵਲ ਆਪਣੀਆਂ ਸੱਧਰਾਂ/ਉਮੰਗਾਂ ਦੀ ਪੂਰਤੀ ਲਈ ਆਪਣੇ ਪਤੀ 'ਤੇ ਦਬਾਅ ਬਣਾਉਂਦੀ ਹੈ ਸਗੋਂ ਸਾਂਝੇ ਪਰਿਵਾਰਾਂ ਵਿਚ ਹੁੰਦੀ ਆਰਥਿਕ ਲੁੱਟ-ਖਸੁੱਟ ਤੇ ਭਾਈਚਾਰਕ ਵਿਤਕਰਿਆਂ ਦਾ ਵਿਰੋਧ ਕਰਦੀ ਹੋਈ ਆਪਣੇ ਪਤੀ ਦਾ ਹੱਕ ਵੀ ਪੂਰਦੀ ਹੈ। ਪੰਜਾਬ ਵਿਚ ਖੇਤੀਬਾੜੀ ਦਾ ਕਾਰਜ ਆਮ ਤੌਰ 'ਤੇ ਸਾਂਝੇ ਪਰਿਵਾਰਾਂ ਵਿਚ ਹੀ ਕੀਤਾ ਜਾਂਦਾ ਰਿਹਾ ਹੈ। ਇਨ੍ਹਾਂ ਸਾਂਝੇ ਪਰਿਵਾਰਾਂ ਵਿਚ ਪਰਿਵਾਰ ਦੀ ਸਮੁੱਚੀ ਆਰਥਿਕਤਾ ਦਾ ਪ੍ਰਬੰਧ ਪਰਿਵਾਰ ਦੇ ਮੁਖੀ ਕੋਲ ਹੀ ਰਿਹਾ ਹੈ। ਪਰਿਵਾਰ ਦਾ ਮੁਖੀ (ਲਾਣੇਦਾਰ) ਆਮ ਤੌਰ 'ਤੇ ਪਰਿਵਾਰ ਦਾ ਸਭ ਤੋਂ ਬਜ਼ੁਰਗ (ਪਿਤਾ ਜਾਂ ਦਾਦਾ) ਮਰਦ ਹੁੰਦਾ ਹੈ। ਇਹਨਾਂ ਦੋਵਾਂ ਦੀ ਅਣਹੋਂਦ ਵਿਚ ਸਭ ਤੋਂ ਵੱਡਾ ਭਰਾ ਲਾਣੇਦਾਰ ਬਣ ਜਾਂਦਾ ਹੈ ਤੇ ਸਾਰੇ ਪਰਿਵਾਰ ਦਾ ਆਰਥਿਕ ਪ੍ਰਬੰਧ ਉਸ ਕੋਲ ਆ ਜਾਂਦਾ। ਆਰਥਿਕ ਪ੍ਰਭੁਤਵ ਕਾਰਨ ਉਹ ਸਾਰੇ ਪਰਿਵਾਰ ਉਤੇ ਨਾ-ਕੇਵਲ ਆਪਣੀ ਪ੍ਰਭੁਸੱਤਾ ਸਥਾਪਤ ਕਰਦਾ ਸਗੋਂ ਆਰਥਿਕ ਲੁੱਟ-ਖਸੁੱਟ ਦੇ ਨਾਲ-ਨਾਲ ਮਨ-ਆਈਆਂ ਵੀ ਕਰਨ ਲਗਦਾ। ਉਸ ਦੇ ਅਜਿਹੇ ਵਿਵਹਾਰ ਨੂੰ ਛੋਟੇ ਭਰਾ ਤਾਂ ਆਪਣਾ ਵੱਡਾ ਭਰਾ ਹੋਣ ਕਰਕੇ ਅੱਖੋਂ-ਪ੍ਰੋਖੇ ਕਰ ਦਿੰਦੇ ਪਰੰਤੂ ਉਹਨਾਂ ਦੀਆਂ ਪਤਨੀਆਂ ਇਸ ਨੂੰ ਅਨਿਆਂ ਗਰਦਾਨ ਕੇ ਉਸ ਦਾ ਵਿਰੋਧ ਕਰਦੀਆਂ ਅਤੇ ਆਪਣੇ ਹੱਕਾਂ ਦੀ ਮੰਗ ਕਰਦੀਆਂ। ਅਜਿਹੀ ਸਥਿਤੀ ਵਿਚ ਪਰਿਵਾਰਕ ਪੱਧਰ 'ਤੇ ਵੰਡੀਆਂ ਪੈਣੀਆਂ ਤੈਅ ਹੋ ਜਾਂਦੀਆਂ। ਅਜਿਹੇ ਸਾਂਝੇ ਕਿਸਾਨੀ ਪਰਿਵਾਰਾਂ ਵਿਚਲੀ ਆਰਥਿਕ ਤੇ ਸਮਾਜਕ ਖਿਚੋਤਾਣ ਨੂੰ ਦੀਪਕ ਜੈਤੋਈ ਨੇ ਆਪਣੇ ਬਹੁਤ ਸਾਰੇ ਗੀਤਾਂ ਵਿਚ ਪ੍ਰਸਤੁਤ ਕੀਤਾ ਹੈ। ਮਿਸਾਲ ਵਜੋਂ ਗੀਤ ਦੀਆਂ ਇਹ ਸਤਰਾਂ ਵੇਖੀਆਂ ਜਾ ਸਕਦੀਆਂ ਹਨ :

ਕੋਕਰੂ ਦਾ ਡਿਗ ਪਿਆ ਪੱਤਾ ਨੀ ਜਠਾਣੀਏਂ।
ਜੇਠ ਮੇਰਾ ਪੁੱਜ ਕੇ ਕਪੁੱਤਾ ਨੀ ਜਠਾਣੀਏਂ।
ਵੱਖਰੀ ਕਰਾਂਗੇ ਭੈਣੇ ਐਤਕਾਂ ਤੋਂ ਵਾਹੀ ਨੀ,
ਸਹਿਮਿਆਂ ਹੀ ਰਹਿੰਦਾ, ਮੇਰਾ ਚੰਨ ਜਿਹਾ ਮਾਹੀ ਨੀ।
ਮੈਂ ਨਹੀਂ ਲੈ ਕੇ ਜਾਣਾ ਉਹਦਾ ਭੱਤਾ ਨੀ ਜਠਾਣੀਏਂ,
ਜੇਠ ਮੇਰਾ ਪੁੱਜ ਕੇ ਕੁਪੱਤਾ...।
ਕੁੰਜੀ-ਗੋਸ਼ੇ ਕੀਤਾ, ਦਾਣਾ-ਫੱਕਾ ਵੇਚ ਵੱਟ ਕੇ,
ਬੋਤਲਾਂ ਦੇ ਰਾਹੀਂ, ਸੁੱਟ ਦਿੱਤਾ ਘਰ ਪੱਟ ਕੇ।

ਦੱਸਦਾ ਹੈ ਸ਼ਾਹਾਂ ਦਾ ਚੁਪੱਤਾ ਨੀ ਜਠਾਣੀਏਂ।
ਜੇਠ ਮੇਰਾ ਪੁੱਜ ਕੇ ਕੁਪੱਤਾ...।

ਸਪੱਸ਼ਟ ਹੈ, ਗੀਤਕਾਰ ਇਸ ਗੀਤ ਰਾਹੀਂ ਸਾਂਝੇ ਕਿਸਾਨੀ ਪਰਿਵਾਰਾਂ ਦੇ ਟੁੱਟਣ ਅਤੇ ਇਕਹਿਰੇ ਪਰਿਵਾਰਾਂ ਦੇ ਹੋਂਦ ਵਿਚ ਆਉਣ ਦਾ ਤਰਕ ਸਿਰਜਦਾ ਹੋਇਆ ਨਿਮਨ-ਕਿਰਸਾਨੀ ਪਰਿਵਾਰਾਂ ਨੂੰ ਦਰਪੇਸ਼ ਸਮੱਸਿਆਵਾਂ ਦੀ ਸੂਹ ਵੀ ਦੇ ਜਾਂਦਾ ਹੈ।

ਦੀਪਕ ਜੈਤੋਈ ਦੇ ਗੀਤਾਂ ਦੀ ਖ਼ਾਸੀਅਤ ਇਹ ਹੈ ਕਿ ਇਹ ਪੰਜਾਬੀ ਸਮਾਜ-ਸਭਿਆਚਾਰ ਦੀਆਂ ਕਦਰਾਂ-ਕੀਮਤਾਂ, ਰਸਮਾਂ-ਰਿਵਾਜਾਂ, ਮਾਨਵੀ-ਸੱਧਰਾਂ, ਰਿਸ਼ਤਿਆਂ ਅਤੇ ਮਨੁੱਖੀ ਵਿਵਹਾਰ ਦੀਆਂ ਵਿਭਿੰਨ ਪਰਤਾਂ ਨੂੰ ਪ੍ਰਸਤੁਤ ਕਰਦੇ ਹੋਏ ਮਲਵਈ ਸਮਾਜ-ਸਭਿਆਚਾਰ ਦੀ ਆਰਸੀ ਬਣ ਕੇ ਉਭਰਦੇ ਹਨ। ਇਸ ਆਰਸੀ ਵਿਚੋਂ ਪਤੀ-ਪਤਨੀ, ਮਾਂ-ਧੀ, ਪਿਉ-ਧੀ, ਨੂੰਹ-ਸੱਸ, ਨਣਾਨ-ਭਰਜਾਈ, ਦਿਉਰ-ਭਰਜਾਈ, ਦਰਾਣੀ-ਜਠਾਣੀ ਆਦਿ ਰਿਸ਼ਤਿਆਂ ਨੂੰ ਸਾਹ ਲੈਂਦੇ ਮਹਿਸੂਸਿਆ ਜਾ ਸਕਦਾ ਹੈ। ਇਹ ਗੀਤ ਜਿਥੇ ਮਲਵਈ ਸਮਾਜ-ਸਭਿਆਚਾਰਕ ਪਰਿਵੇਸ਼ ਦੀਆਂ ਵਿਭਿੰਨ ਪਰਤਾਂ ਨੂੰ ਮਲਵਈ ਔਰਤ ਦੇ ਵਿਵਹਾਰਕ ਜੀਵਨ ਦੇ ਵੇਰਵਿਆਂ ਰਾਹੀਂ ਵਿਅਕਤ ਕਰਦੇ ਹਨ ਉਥੇ ਔਰਤ ਦੇ ਮਨੋ-ਵਲਵਲਿਆਂ, ਸੱਧਰਾਂ, ਉਮੰਗਾਂ, ਰੀਝਾਂ ਅਤੇ ਸੁਪਨਿਆਂ ਦਾ ਰੰਗਲਾ ਸੰਸਾਰ ਵੀ ਸਿਰਜਦੇ ਹਨ। ਇਹ ਰੰਗਲਾ ਸੰਸਾਰ ਪਰਿਵਾਰਕ ਤੇ ਸਮਾਜਿਕ ਰਿਸ਼ਤਿਆਂ ਦੇ ਰੂਪ ਵਿਚ ਸਾਕਾਰ ਹੁੰਦਾ ਰਹਿੰਦਾ ਹੈ। ਇਨ੍ਹਾਂ ਰਿਸ਼ਤਿਆਂ ਵਿਚ ਪਿਉ-ਧੀ ਦਾ ਰਿਸ਼ਤਾ ਦੁਵੱਲੇ ਮਾਨ-ਸਤਿਕਾਰ ਤੇ ਮੋਹ ਵਾਲਾ ਹੁੰਦਾ ਹੈ। ਇਸ ਰਿਸ਼ਤੇ ਵਿਚਲੀ ਪਾਕੀਜ਼ਗੀ ਅਤੇ ਧੀ ਦੇ ਵਿਸ਼ਾਲ ਹਿਰਦੇ ਦੀ ਤਰਜ਼ਮਾਨੀ ਦੀਪਕ ਜੈਤੋਈ ਦਾ ਇਕ ਗੀਤ ਇਉਂ ਕਰਦਾ ਹੈ :

ਬਾਪੂ ਤੇਰੇ ਪਿਆਰ ਸਦਕਾ, ਅਸੀਂ ਰੱਜ ਰੱਜ ਪਹਿਨਿਆਂ ਹੰਢਾਇਆ,
ਪੱਗ ਤੇਰੀ ਰੱਖੀ ਸਾਂਭ ਕੇ, ਇਹਨੂੰ ਦਾਗ਼ ਨਾ ਹਵਾ ਜਿੰਨਾ ਲਾਇਆ,
ਇਕ ਰਾਤ ਹੋਰ ਰਖ ਲੈ, ਜਾਵਾਂ ਬਾਬਲਾ ਤੇਰੇ ਬਲਿਹਾਰੀ,
ਆ ਲੈ ਮਾਏਂ ਸਾਂਭ ਕੁੰਜੀਆਂ, ਧੀਆਂ ਕਰ ਚੱਲੀਆਂ ਸਰਦਾਰੀ।

ਸਪੱਸ਼ਟ ਹੈ, ਇਸ ਗੀਤ ਰਾਹੀਂ ਗੀਤਕਾਰ ਜਿਥੇ ਪਿਉ-ਧੀ ਦੇ ਨਿੱਘੇ ਰਿਸ਼ਤੇ ਨੂੰ ਖ਼ੂਬਸੂਰਤ ਅੰਦਾਜ਼ ਨਾਲ ਚਿਤਰਦਾ ਹੈ ਉਥੇ ਪੰਜਾਬੀ ਮੁਟਿਆਰ ਦੇ ਆਦਰਸ਼ਕ ਜੀਵਨ ਦੇ ਅਕੀਦਿਆਂ ਨੂੰ ਵੀ ਸੰਕੇਤਕ ਰੂਪ ਵਿਚ ਪ੍ਰਸਤੁਤ ਕਰਦਾ ਹੈ। ਜ਼ਾਹਿਰ ਹੈ, ਧੀਆਂ ਆਪਣੇ ਮਾਪਿਆਂ ਦੇ ਘਰ ਰਾਜਕੁਮਾਰੀਆਂ ਵਾਂਗ ਰਹਿੰਦੀਆਂ ਹੋਈਆਂ ਹਰ ਰੀਝ ਨੂੰ ਪੁਗਾਉਣ ਦਾ ਯਤਨ ਕਰਦੀਆਂ ਹਨ। ਮਾਪਿਆਂ ਦੇ ਘਰ ਧੀਆਂ ਦੀ ਸਰਦਾਰੀ ਹੁੰਦੀ ਹੈ। ਇਸੇ ਕਰਕੇ ਧੀ ਆਪਣੇ ਵਿਆਹ ਸਮੇਂ ਆਪਣੇ ਪਿਤਾ ਨੂੰ ਤਾਕੀਦ ਕਰਦੀ ਹੈ ਕਿ ਉਸ ਨੂੰ ਕੁਝ ਸਮਾਂ ਹੋਰ ਘਰ ਰੱਖ ਲਵੇ ਪਰੰਤੂ ਸਮਾਜ-ਸਭਿਆਚਾਰਕ ਤਕਾਜ਼ਿਆਂ ਅਨੁਸਾਰ ਅਜਿਹਾ ਕਰਨਾ ਪਿਤਾ ਲਈ ਸੰਭਵ ਨਹੀਂ। ਇਹ ਧੀ ਦਾ ਆਪਣੇ ਪਿਤਾ ਲਈ ਸਤਿਕਾਰ ਤੇ ਪਿਆਰ ਹੀ ਹੈ ਕਿ ਉਹ ਹਰ ਪਲ ਆਪਣੇ ਬਾਬਲ ਦੀ ਸੁੱਖ ਅਤੇ ਪ੍ਰਸਿੱਧੀ ਲਈ ਕਾਮਨਾ ਕਰਦੀ ਹੈ :

ਜਿਨ੍ਹਾਂ ਘਰ ਧੀਆਂ ਰੱਖੀਆਂ, ਹੁੰਦੇ ਉਹਨਾਂ ਦੇ ਪਹਾੜ ਜਿੱਡੇ ਜੇਰੇ,
ਵੇ ਕੰਢੀ ਪਾ ਕੇ ਤੋਰੀਂ ਬਾਬਲਾਂ! ਪੁੱਤਾਂ ਵਾਂਗ ਮੈਂ ਕਮਾਇਆ ਘਰ ਤੇਰੇ,

ਧੀਆਂ-ਗਊਆਂ ਵਾਂਗ ਹੁੰਦੀਆਂ, ਇਹਨਾਂ ਮੂੰਹੋਂ ਨਹੀਂ ਆਖ ਕੇ ਸੁਨਾਣਾ,
ਵੀਰਾਂ ਨੇ ਜ਼ਮੀਨ ਸਾਂਭਣੀ, ਅਸੀਂ ਹੱਥਾਂ ਦਾ ਦਿੱਤਾ ਲੈ ਜਾਣਾ।
ਵੇ ਦਾਨ ਦਿੱਤੇ ਧਨ ਨਾ ਘਟੇ, ਸਗੋਂ ਬੱਲੇ ਬੱਲੇ ਹੋ ਜਾਏ ਚੁਫੇਰੇ,
ਵੇ ਕੰਢੀ ਪਾ ਕੇ ਤੋਰੀਂ ਬਾਬਲਾ...।

ਜ਼ਾਹਿਰ ਤੌਰ 'ਤੇ ਇਹ ਗੀਤ ਧੀ ਦੀ ਸਮਾਜ-ਸਭਿਆਚਾਰਕ ਤੇ ਅਵਚੇਤਨੀ ਮਨੋ-ਸਥਿਤੀ ਨੂੰ ਸਮੱਗਰ ਰੂਪ ਵਿਚ ਵਿਅਕਤ ਕਰਦਾ ਹੈ। ਗੀਤ ਦੇ ਬੋਲਾਂ ਤੋਂ ਸਪੱਸ਼ਟ ਹੁੰਦਾ ਹੈ ਕਿ ਧੀ ਨੂੰ ਆਪਣੀ ਅਤੇ ਆਪਣੇ ਵੀਰਾਂ ਦੀ ਸਮਾਜ-ਸਭਿਆਚਾਰਕ ਤੇ ਪਰਿਵਾਰਕ ਸਥਿਤੀ ਦਾ ਇਲਮ ਹੈ, ਇਸੇ ਕਰਕੇ ਉਹ ਆਪਣੀਆਂ ਛੋਟੀਆਂ-ਛੋਟੀਆਂ ਰੀਝਾਂ ਨੂੰ ਪੂਰਾ ਕਰਨ ਲਈ ਆਪਣੇ ਪਿਤਾ ਨੂੰ ਥੋੜ੍ਹੇ ਜਿਹੇ ਰੋਸੇ ਨਾਲ ਤਾਕੀਦ ਤਾਂ ਕਰਦੀ ਹੈ ਪਰੰਤੂ ਕੋਈ ਦਾਅਵਾ ਨਹੀਂ ਕਰਦੀ। ਇਹ' ਵਜ੍ਹਾ ਹੈ ਕਿ ਉਹ ਆਪਣੀਆਂ ਰੀਝਾਂ ਦੀ ਪੂਰਤੀ ਵਿਚ ਹੁੰਦੇ ਖਰਚ ਨੂੰ ਨਾ-ਕੇਵਲ ਆਪਣੇ ਪਿਤਾ ਵੱਲੋਂ ਕੀਤੇ ਦਾਨ ਵਜੋਂ ਵੇਖਦੀ ਹੈ ਸਗੋਂ ਇਸ ਦਾਨ ਜ਼ਰੀਏ ਆਪਣੇ ਪਿਤਾ ਦੀ ਪੇਕੇ ਤੇ ਸਹੁਰੇ ਪਿੰਡ ਵਿੱਚ ਬੱਲੇ-ਬੱਲੇ ਵੀ ਕਰਵਾਉਣਾ ਲੋਚਦੀ ਹੈ। ਸਪੱਸ਼ਟ ਹੈ, ਦਾਨ ਵਿਚ ਮਿਲਣ ਵਾਲੀਆਂ ਵਸਤਾਂ ਜਾਂ ਧਨ 'ਤੇ ਲੈਣ ਵਾਲੇ ਦਾ ਕੋਈ ਦਾਅਵਾ ਨਹੀਂ ਹੁੰਦਾ ਸਗੋਂ ਦਾਨ ਦੇਣ ਵਾਲੇ ਦੀ ਦਰਿਆਦਿਲੀ ਹੁੰਦੀ ਹੈ, ਧੀ ਇਸ ਸਥਿਤੀ ਨੂੰ ਬਾਖ਼ੂਬੀ ਸਮਝਦੀ ਹੈ। ਉਸ ਨੂੰ ਇਹ ਵੀ ਗਿਆਨ ਹੈ ਕਿ ਕਾਨੂੰਨੀ ਤੌਰ 'ਤੇ ਉਹ ਆਪਣੇ ਮਾਤਾ-ਪਿਤਾ ਦੀ ਜ਼ਮੀਨ-ਜਾਇਦਾਦ 'ਚੋਂ ਵੀਰਾਂ ਦੇ ਬਰਾਬਰ ਹਿੱਸਾ ਵੰਡਾਅ ਸਕਦੀ ਹੈ ਪਰੰਤੂ ਉਹ ਅਜਿਹਾ ਕਰਕੇ ਆਪਣੇ ਵੀਰਾਂ ਨਾਲ ਕਿਸੇ ਕਿਸਮ ਦਾ ਵਿਰੋਧ ਨਹੀਂ ਸਿਰਜਨਾ ਚਾਹੁੰਦੀ। ਇਸ ਲਈ ਧੀ ਆਮ ਹਾਲਤਾਂ ਵਿਚ ਮਾਤਾ-ਪਿਤਾ ਦੀ ਜ਼ਮੀਨ-ਜਾਇਦਾਦ 'ਚੋਂ ਹਿੱਸਾ ਵੰਡਾਉਣ ਦੀ ਬਜਾਏ ਉਹਨਾਂ ਦੇ ਦੁੱਖ ਵੰਡਾਉਣ ਨੂੰ ਤਰਜੀਹ ਦਿੰਦੀ ਹੈ।

ਦੀਪਕ ਜੈਤੋਈ ਨੇ ਮਾਂ-ਧੀ ਦੇ ਨਿੱਘੇ ਤੇ ਸਾਂਝਾ ਵਾਲੇ ਰਿਸ਼ਤੇ ਨੂੰ ਚਿਤਰਣ ਲਈ ਵੀ ਅਨੇਕ ਸਮਾਜਿਕ ਅਤੇ ਸਭਿਆਚਾਰਕ ਗੀਤਾਂ ਦੀ ਰਚਨਾ ਕੀਤੀ ਹੈ। ਇਹਨਾਂ ਗੀਤਾਂ ਵਿਚੋਂ ਮਾਂ-ਧੀ ਦੇ ਰਿਸ਼ਤੇ ਦੀਆਂ ਕਈ ਮਹੀਣ ਪਰਤਾਂ ਉਘੜ ਕੇ ਸਾਹਮਣੇ ਆਉਂਦੀਆਂ ਹਨ। ਮਾਂ-ਧੀ ਦੇ ਰਿਸ਼ਤੇ ਵਿਚਲੀ ਸੂਖਮਤਾ ਅਤੇ ਵਿਸ਼ਾਲਤਾ ਨੂੰ ਮਾਪਣ ਲਈ ਗੀਤ ਦੀਆਂ ਇਹ ਸਤਰਾਂ ਵੇਖੀਆਂ ਜਾ ਸਕਦੀਆਂ ਹਨ :

ਦੁਖ-ਸੁਖ ਫੋਲਣ ਬੈਠ ਕੇ, ਧੀਆਂ ਤੇ ਮਾਵਾਂ,
ਮਾਵਾਂ ਜਿਹੀਆਂ ਲਭ ਦੀਐਂ, ਕਦ ਠੰਡੀਆਂ ਛਾਵਾਂ।
ਬਾਪੂ ਖੱਬੀ-ਖ਼ਾਨ ਨੂੰ, ਇਕ ਬਾਤ ਨਾ ਸੁੱਝੇ,
ਮਾਂ ਹੋਵੇ ਭੱਠ ਝੋਕਣੀ, ਪਰ ਧੀ ਨੂੰ ਲੁੱਝੇ,
ਸੋਚੇ, ਕੱਢ ਕੇ ਕਾਲਜਾ, ਧੀ ਨੂੰ ਦੇ ਆਵਾਂ
ਮਾਵਾਂ ਜਿਹੀਆਂ ਲੱਭਦੀਆਂ ਕਦ...।

ਇਹ ਗੀਤ ਨਾ-ਕੇਵਲ ਮਾਂ-ਧੀ ਦੇ ਨਿਘੇ ਤੇ ਗੂੜੇ ਰਿਸ਼ਤੇ ਦੇ ਭਾਵੁਕ ਸੰਸਾਰ ਦੀ ਤਰਜ਼ਮਾਨੀ ਕਰਦਾ ਹੈ ਸਗੋਂ ਮਾਂ-ਧੀ ਦੇ ਰਿਸ਼ਤੇ ਵਿਚਲੀ ਦੁਵੱਲੀ ਜ਼ਿੰਮੇਵਾਰੀ ਦਾ ਅਹਿਸਾਸ ਵੀ ਕਰਵਾਉਂਦਾ ਹੈ।

ਦੀਪਕ ਜੈਤੋਈ ਨੇ ਪਰਿਵਾਰਕ ਰਿਸ਼ਤਿਆਂ ਦੇ ਨਾਲ ਸਮਾਜਿਕ ਤੇ ਆਰਥਿਕ ਰਿਸ਼ਤਿਆਂ ਦੀ ਤਰਜ਼ਮਾਨੀ ਕਰਦੇ ਗੀਤਾਂ ਦੀ ਸਿਰਜਨਾ ਵੀ ਕੀਤੀ ਹੈ। ਉਸ ਕੋਲ ਸਮਾਜਿਕ ਤੇ ਆਰਥਿਕ ਰਿਸ਼ਤਿਆਂ ਵਿਚਲੀਆਂ ਗੁੰਝਲਾਂ ਨੂੰ ਸਮਝਣ/ਪਰਖਣ ਵਾਲੀ ਦ੍ਰਿਸ਼ਟੀ ਹੈ। ਇਸ ਦ੍ਰਿਸ਼ਟੀ ਜ਼ਰੀਏ ਉਹ ਆਰਥਿਕ ਸਾਧਨਾਂ ਅਤੇ ਸਮਾਜਿਕ ਸੰਸਥਾਵਾਂ ਉਤੇ ਕਾਬਜ਼ ਜਮਾਤ ਅਤੇ ਆਰਥਿਕ ਸਾਧਨਾਂ ਤੇ ਸਮਾਜਿਕ ਸੰਸਥਾਵਾਂ ਦੀ ਨੁਮਾਇੰਦਗੀ ਤੋਂ ਮਹਿਰੂਮ ਜਮਾਤ ਦੇ ਪ੍ਰਤੀਦਵੰਦੀ ਰਿਸ਼ਤਿਆਂ ਦਾ ਵਿਸ਼ਲੇਸ਼ਣ ਤੇ ਮੁਲਾਂਕਣ ਕਰਦਾ ਹੈ। ਉਸ ਨੂੰ ਆਰਥਿਕ ਤੇ ਸਮਾਜਿਕ ਕਾਣੀ-ਵੰਡ ਵਾਲੇ ਸਮਾਜ-ਸਭਿਆਚਾਰਕ ਪ੍ਰਬੰਧ ਦੀ ਨਾ-ਕੇਵਲ ਸਮਝ ਹੈ ਸਗੋਂ ਉਸ ਕੋਲ ਇਸ ਕਾਣੀ-ਵੰਡ ਕਾਰਨ ਪਏ ਮਨੁੱਖੀ ਸਮੂਹ ਵਿਚਲੇ ਪਾੜੇ ਨੂੰ ਮੇਟਣ ਵਾਲੀ ਨਿੱਗਰ-ਦ੍ਰਿਸ਼ਟੀ ਵੀ ਹੈ। ਪੰਜਾਬ ਦੇ ਮਾਲਵਾ ਖਿੱਤੇ ਦੇ ਪੇਂਡੂ ਆਰਥਿਕ-ਪ੍ਰਬੰਧ ਦਾ ਕੇਂਦਰ ਜ਼ਮੀਨ ਹੋਣ ਕਰਕੇ ਅਤੇ ਜ਼ਿਆਦਾ ਜ਼ਮੀਨ ਉਤੇ ਮਾਲਕਾਨਾ ਹੱਕ ਹੋਣ ਸਦਕਾ ਮਾਲਵੇ ਵਿਚ ਜਗੀਰਦਾਰਾਂ, ਜੈਲਦਾਰਾਂ, ਜ਼ਿੰਮੀਦਾਰਾਂ, ਸਾਹੂਕਾਰਾਂ ਦੀ ਸਮਾਜਿਕ-ਸੰਸਥਾਵਾਂ ਉੱਤੇ ਪ੍ਰਭੂਸੱਤਾ ਬਣੀ ਰਹੀ ਹੈ। ਆਰਥਿਕ ਤੌਰ 'ਤੇ ਸੰਪੰਨ ਹੋਣ ਕਰਕੇ ਇਹ ਧਨਾਡ ਵਰਗ ਆਰਥਿਕ ਪੱਖੋਂ ਕਮਜ਼ੋਰ ਲੋਕਾਂ ਦਾ ਨਾ-ਕੇਵਲ ਆਰਥਿਕ ਸ਼ੋਸ਼ਣ ਕਰਦਾ ਹੈ ਸਗੋਂ ਸਮਾਜਿਕ ਤੇ ਸਭਿਆਚਾਰਕ ਤੌਰ 'ਤੇ ਹਲਾਂ ਨਾਲ ਵੀ ਵਿਤਕਰਾ ਕਰਦਾ ਹੈ। ਇਸ ਅਸਾਵੇਂਪਣ ਨੂੰ ਵਿਭਿੰਨ ਪਰਿਪੇਖਾਂ ਤੋਂ ਪ੍ਰਸਤੁਤ ਕਰਨ ਲਈ ਅਨੇਕ ਗੀਤਾਂ ਦੀ ਸਿਰਜਣਾ ਕੀਤੀ ਗਈ ਮਿਲਦੀ ਹੈ। ਦੀਪਕ ਜੈਤੋਈ ਨੇ ਜ਼ਮੀਨ ਦੇ ਮਾਲਕਾਂ ਅਤੇ ਸ਼ਾਹੂਕਾਰਾਂ ਵੱਲੋਂ ਆਰਥਿਕ ਪੱਖੋਂ ਹੀਣੇ ਵਰਗ ਦੀਆਂ ਔਰਤਾਂ ਨਾਲ ਕੀਤੇ ਜਾਂਦੇ ਵਿਵਹਾਰ ਨੂੰ ਇਸ ਗੀਤ ਵਿਚ ਸੰਕੇਤਕ ਰੂਪ ਵਿਚ ਪੇਸ਼ ਕੀਤਾ ਹੈ :

ਹੱਥ ਲਾਇਆਂ ਮੈਂ ਮੈਲੀ ਹੋਵਾਂ ਦੁਨੀਆਂ ਦੀ ਅੱਖ ਮੈਲੀ,
ਹੱਟੀ ਵਿਚ ਨਾ ਮਾਣ ਬਾਣੀਆਂ ਜੱਟ ਬੁਰਾ ਵਿਚ ਪੈਲੀ,
ਸਾਗ ਦੇ ਵੱਟੇ ਪੱਤ ਲੁਟਵਾ ਕੇ ਘਰ ਮੁੜਦੀਆਂ ਕਈ
ਵੇ ਜੱਟ ਕੁਛ ਆਖੇ ਨਾ, ਮੈਂ ਨਾ ਸਾਗ ਨੂੰ ਗਈ।

ਜ਼ਾਹਿਰ ਹੈ, ਆਰਥਿਕ ਸਾਧਨਾਂ ਦੀ ਅਣਹੋਂਦ ਵਿਚ ਪ੍ਰੋਲੇਤਾਰੀ ਵਰਗ ਨੂੰ ਅਨੇਕ ਤਰ੍ਹਾਂ ਦੇ ਸਮਾਜਿਕ ਤੇ ਸਭਿਆਚਾਰਕ ਵਿਤਕਰਿਆਂ ਨੂੰ ਆਪਣੇ ਸਰੀਰਕ ਤੇ ਮਾਨਸਿਕ ਪੱਧਰਾਂ 'ਤੇ ਹੰਢਾਉਣਾ ਪੈਂਦਾ ਹੈ ਪਰੰਤੂ ਆਧੁਨਿਕ ਸਮੇਂ ਦੀਆਂ ਅਗਰਗਾਮੀ ਵਿਚਾਰਧਾਰਾਵਾਂ ਦੇ ਅੰਤਰ-ਸੰਵਾਦ ਵਿਚੋਂ ਪੈਦਾ ਹੁੰਦੀ ਚੇਤਨਾ ਦੇ ਅੰਤਰਗਤ ਇਹ ਵਰਗ ਵਧੇਰੇ ਸੁਚੇਤ ਹੁੰਦਾ ਨਜ਼ਰ ਆ ਰਿਹਾ ਹੈ। ਦੀਪਕ ਜੈਤੋਈ ਦੀ ਖ਼ੂਬਸੂਰਤੀ ਇਹ ਹੈ ਕਿ ਉਹ ਪ੍ਰੋਲੇਤਾਰੀ ਵਰਗ ਵਿਚ ਪੈਦਾ ਹੋ ਰਹੀ ਸਮਾਜ-ਸਭਿਆਚਾਰਕ ਚੇਤਨਾ ਨੂੰ ਇਸ ਵਰਗ ਦੀ ਔਰਤ ਦੇ ਵਿਵਹਾਰਕ ਜੀਵਨ ਵਿਚੋਂ ਨਾ-ਕੇਵਲ ਪਛਾਣਦਾ ਹੈ ਸਗੋਂ ਆਪਣੇ ਗੀਤਾਂ ਰਾਹੀਂ ਪ੍ਰਚਾਰ/ਪ੍ਰਸਾਰ ਕੇ ਨਵੀਂ ਦਿਸ਼ਾ ਵੀ ਦਿੰਦਾ ਹੈ। ਇਸੇ ਆਧੁਨਿਕ ਚੇਤਨਾ ਨਾਲ ਪ੍ਰਣਾਈ ਪ੍ਰੋਲੇਤਾਰੀ ਵਰਗ ਦੀ ਔਰਤ ਦੀ ਨੁਮਾਇੰਦਗੀ ਕਰਦੀ ਹੋਈ ਅੱਗੇ ਲਿਖੇ ਗੀਤ ਦੀ ਨਾਇਕਾ ਪਿੰਡ ਦੇ ਜ਼ਿੰਮੀਦਾਰਾਂ, ਸ਼ਾਹੂਕਾਰਾਂ ਤੇ ਜੈਲਦਾਰਾਂ ਨੂੰ ਨਾ-ਕੇਵਲ ਵੰਗਾਰਦੀ ਹੈ ਸਗੋਂ ਔਰਤ ਵਿਚ ਭਰ ਰਹੇ ਭਵਿੱਖੀ ਸਵੈਮਾਨ ਨੂੰ ਵੀ ਉਜਾਗਰ ਕਰਦੀ ਹੈ :

ਹੋਇਆ ਕੀ ਜੇ ਪਿੰਡ ਵਿਚ ਤੇਰੀ ਸਰਦਾਰੀ ਵੇ,
ਸਾਨੂੰ ਵੀ ਹੈ ਜਾਨ' ਵੱਧ ਇੱਜ਼ਤ ਪਿਆਰੀ ਵੇ।

ਅਸਾਂ ਫੂਕਣੇ ਕਿਸੇ ਦਾ ਸ਼ਾਹੂਕਾਰਾ,
ਵੇ ਅਸਾਂ ਨਹੀਂ ਕਨੌੜ ਝੱਲਣੀ।
ਗੱਲ ਸੋਚ ਕੇ ਕਰੀਂ ਤੂੰ ਜ਼ੈਲਦਾਰਾ,
ਵੇ ਅਸਾਂ ਨਹੀਂ ਕਨੌੜ ਝੱਲਣੀ।

ਇਉਂ ਦੀਪਕ ਜੈਤੋਈ ਆਪਣੇ ਸਮਾਜ-ਸਭਿਆਚਾਰਕ ਗੀਤਾਂ ਰਾਹੀਂ ਜਿਥੇ ਪਰਿਵਾਰਕ ਰਿਸ਼ਤਿਆਂ ਵਿਚਲੇ ਪਿਆਰ, ਨਿੱਘ ਤੇ ਅੰਤਰ-ਵਿਰੋਧਾਂ ਨੂੰ ਪ੍ਰਸਤੁਤ ਕਰਦਾ ਹੈ ਉਥੇ ਆਰਥਿਕ ਤੇ ਸਮਾਜਿਕ ਰਿਸ਼ਤਿਆਂ ਵਿਚਲੀਆਂ ਗੁੰਝਲਾਂ ਨੂੰ ਕਲਾਤਮਿਕ ਅਭਿਵਿਅਕਤੀ ਦੇਣ ਸਦਕਾ ਲੋਕਾਂ ਦਾ ਸ਼ਾਇਰ ਬਣ ਜਾਂਦਾ ਹੈ। ਇਹ' ਵਜ੍ਹਾ ਹੈ ਕਿ ਉਸ ਦੇ ਇਹ ਗੀਤ 'ਲੋਕ-ਗੀਤਾਂ' ਦਾ ਰੁਤਬਾ ਗ੍ਰਹਿਣ ਕਰਕੇ ਲੋਕ-ਚੇਤਨਾ ਦਾ ਅਟੁੱਟ ਅੰਗ ਬਣ ਗਏ ਹਨ। ਜੇ ਇਹ ਕਿਹਾ ਜਾਵੇ ਕਿ ਇਹ ਗੀਤ ਸੈਂਕੜੇ ਸਾਲਾਂ ਤੱਕ ਲੋਕ-ਚੇਤਨਾ ਦੇ ਅੰਗ-ਸੰਗ ਰਹਿਣਗੇ ਤਾਂ ਇਸ ਵਿਚ ਕੋਈ ਅਤਿਕਥਨੀ ਨਹੀਂ ਹੋਵੇਗੀ, ਕਿਉਂਕਿ ਇਹ ਗੀਤ ਪੰਜਾਬੀ ਲੋਕਧਾਰਾ ਅਤੇ ਸਭਿਆਚਾਰ ਵਿਚ ਵਿਚਰ ਰਹੇ ਮਾਨਵ ਦੇ ਵਿਵਹਾਰਕ-ਜੀਵਨ ਦੇ ਉਨ੍ਹਾਂ ਵਰਤਾਰਿਆਂ ਨੂੰ ਚਿਤਰਦੇ ਹਨ ਜੋ ਉਸ ਦੇ ਸਮਾਜਿਕ ਅਤੇ ਸਭਿਆਚਾਰਕ ਅਕੀਦਿਆਂ ਨੂੰ ਅੰਦਰੂਨੀ ਤੇ ਬਹਿਰੂਨੀ ਪੱਧਰਾਂ 'ਤੇ ਮੁਤਾਸਰ ਕਰਦੇ ਹਨ। ਸਪੱਸ਼ਟ ਹੈ, ਇਹ ਗੀਤ ਪੰਜਾਬੀ ਬੰਦੇ ਦੇ ਸਮਾਜ-ਸਭਿਆਚਾਰਕ ਸਰੋਕਾਰਾਂ ਨੂੰ ਵਿਭਿੰਨ ਦ੍ਰਿਸ਼ਟੀਆਂ ਤੋਂ ਪ੍ਰਸਤੁਤ ਕਰਨ ਦੇ ਨਾਲ-ਨਾਲ ਇਨ੍ਹਾਂ ਸਰੋਕਾਰਾਂ ਦੀ ਪਿੱਠਭੂਮੀ ਵਿਚ ਕਾਰਜਸ਼ੀਲ ਆਰਥਿਕ ਤੇ ਸਮਾਜਿਕ ਮਸਲਿਆਂ ਅਤੇ ਸਭਿਆਚਾਰਕ ਮਨੌਤਾਂ ਦੀ ਨਿਸ਼ਾਨਦੇਹੀ ਵੀ ਕਰਦੇ ਹਨ।

ਦੀਪਕ ਜੈਤੋਈ ਨੇ ਸਮਾਜ-ਸਭਿਆਚਾਰਕ ਗੀਤਾਂ ਤੋਂ ਇਲਾਵਾ ਧਾਰਮਿਕ, ਇਤਿਹਾਸਕ ਤੇ ਕ੍ਰਾਂਤੀਕਾਰੀ ਗੀਤਾਂ ਦੀ ਸਿਰਜਨਾ ਵੀ ਕੀਤੀ ਹੈ। ਇਹ ਗੀਤ ਭਾਰਤੀ ਪੰਜਾਬ ਵਿਚ ਵਾਪਰੀਆਂ ਧਾਰਮਿਕ, ਇਤਿਹਾਸਕ ਤੇ ਕ੍ਰਾਂਤੀਕਾਰੀ ਘਟਨਾਵਾਂ ਅਤੇ ਸਾਕਿਆਂ ਨੂੰ ਆਪਣੇ ਰਚਨਾ-ਵਸਤੂ ਵਜੋਂ ਗ੍ਰਹਿਣ ਕਰਦੇ ਹਨ। ਇਹ ਗੀਤ ਜਿਥੇ ਧਾਰਮਿਕ, ਇਤਿਹਾਸਕ ਤੇ ਕ੍ਰਾਂਤੀਕਾਰੀ ਘਟਨਾਵਾਂ ਅਤੇ ਕਾਰਜਾਂ ਦੇ ਗੌਰਵਸ਼ਾਲੀ ਇਤਿਹਾਸ ਦੀ ਪੁਨਰ-ਸਿਰਜਨਾ ਕਰਨ ਵਿਚ ਅਹਿਮ ਭੂਮਿਕਾ ਨਿਭਾਉਂਦੇ ਹਨ ਉੱਥੇ ਸਿੱਖ-ਧਰਮ ਨਾਲ ਸਬੰਧਿਤ ਸ਼ਹੀਦੀ ਸਾਕਿਆਂ ਅਤੇ ਕੁਰਬਾਨੀਆਂ ਨੂੰ ਉਭਾਰਨ ਵਿਚ ਵੀ ਵਡੇਰਾ ਯੋਗਦਾਨ ਪਾਉਂਦੇ ਹਨ। ਇਹਨਾਂ ਗੀਤਾਂ ਦੀ ਸਿਰਜਨ ਪ੍ਰਕ੍ਰਿਆ ਵਿਚ ਪਿਆ ਦੀਪਕ ਜੈਤੋਈ 'ਸਿੱਖ ਗੁਰੂਆਂ', ਮਹਾਨ ਸਿੱਖ ਜਰਨੈਲਾਂ, ਯੋਧਿਆਂ, ਸ਼ਹੀਦਾਂ ਅਤੇ ਨਾਇਕਾਂ ਦੇ ਜੀਵਨ-ਵਿਵਹਾਰ ਨੂੰ ਆਧਾਰ ਬਣਾ ਕੇ ਬੀਰ ਰਸੀ ਰਚਨਾਵਾਂ ਵਿਚ ਢਾਲ ਕੇ ਪੇਸ਼ ਕਰਦਾ ਹੈ। ਸਿੱਖ ਗੁਰੂਆਂ ਨੇ ਜਿਥੇ ਊਚ-ਨੀਚ, ਭੇਦ-ਭਾਵ, ਜ਼ਬਰ-ਜ਼ੁਲਮ ਅਤੇ ਅਨਿਆ ਦੇ ਖਿਲਾਫ਼ ਇਕ ਲੰਮੀ ਜੰਗ ਲੜੀ, ਉੱਥੇ ਉਨ੍ਹਾਂ ਨੇ ਲੋਕਾਈ ਦੇ ਕਸ਼ਟ ਨਿਵਾਰਨ ਲਈ ਸ਼ਹਾਦਤਾਂ ਦੀ ਪਰੰਪਰਾ ਕਾਇਮ ਕਰਕੇ ਇਤਿਹਾਸਕ ਮਿਸਾਲ ਸਥਾਪਿਤ ਕੀਤੀ। ਉਨ੍ਹਾਂ (ਲੇਖਕ) ਨੇ ਸਰਬੰਸਦਾਨੀ ਗੁਰੂ ਗੋਬਿੰਦ ਸਿੰਘ, ਗੁਰੂ ਨਾਨਕ ਦੇਵ ਅਤੇ ਬੰਦਾ ਸਿੰਘ ਬਹਾਦਰ ਦੇ ਜੀਵਨ ਬਿਰਤਾਂਤ ਨੂੰ ਸ਼ਹੀਦੀ ਸਾਕਿਆਂ ਅਤੇ ਧਾਰਮਿਕ ਗੀਤਾਂ ਰਾਹੀਂ ਪੇਸ਼ ਕਰਕੇ ਆਪਣੀ ਅਕੀਦਤ ਅਤੇ ਸ਼ਰਧਾਂਜਲੀ ਭੇਟ ਕੀਤੀ।' ਇਸ ਤਰ੍ਹਾਂ ਇਹ ਗੀਤ ਭਾਰਤੀ/ ਪੰਜਾਬੀ ਜਨ-ਸਮੂਹ ਅੰਦਰ ਧਾਰਮਿਕ, ਇਤਿਹਾਸਕ ਤੇ ਸਾਂਸਕ੍ਰਿਤਕ ਚੇਤਨਾ ਪੈਦਾ ਕਰਕੇ ਉਸ ਨੂੰ ਆਪਣੇ ਗੌਰਵਸ਼ਾਲੀ ਧਾਰਮਿਕ ਇਤਿਹਾਸ ਅਤੇ ਵਿਰਾਸਤ ਪ੍ਰਤੀ ਵਧੇਰੇ ਸੰਜੀਦਾ ਅਤੇ ਸੁਚੇਤ

ਕਰਨ ਵਿਚ ਵਡੇਰਾ ਯੋਗਦਾਨ ਪਾਉਂਦੇ ਹਨ। ਇਸ ਪ੍ਰਸੰਗ ਵਿਚ ਦੀਪਕ ਜੈਤੋਈ ਦੇ ਇਹ ਗੀਤ ਮਿਸਾਲ ਵਜੋਂ ਵੇਖੇ ਜਾ ਸਕਦੇ ਹਨ :

ੳ) ਸਿਰ ਵਾਰ ਕੇ ਭੀ ਹੱਸਣਾ, ਅੰਮ੍ਰਿਤ ਦੀ ਇਹ ਤਾਸੀਰ ਹੈ,
ਅੰਮ੍ਰਿਤ ਦੀਆਂ ਘੁੱਟਾਂ ਦੇ ਅੰਦਰ, ਕੌਮ ਦੀ ਤਕਦੀਰ ਹੈ।
ਕੀਤਾ ਹੋਇਆ ਇਕਰਾਰ ਹੈ, ਸਿੱਖੀ ਦੇ ਸਿਰਜਨਹਾਰ ਦਾ,
ਇਨਸਾਨ 'ਤੇ ਉਪਕਾਰ ਹੈ, ਸਿੱਖੀ ਦੇ ਸਿਰਜਨਹਾਰ ਦਾ।

ਅ) ਵੈਰੀਆਂ ਨੇ ਸਾਡੀਆਂ ਜਾ, ਇੱਜ਼ਤਾਂ ਮਧੋਲੀਆਂ,
ਖਾਲਸੇ ਨੇ ਖੇਲੀਆਂ, ਲਹੂ ਦੇ ਨਾਲ ਹੋਲੀਆਂ।
ਸਿੰਘਾਂ! ਅਬਦਾਲੀ ਭੀ, ਭਜਾ ਕੇ ਏਥੋਂ ਛੱਡਿਆ,
ਨਲਵੇ ਨੇ ਝੰਡਾ ਜਮਰੌਦ ਜਾ ਕੇ ਗੱਡਿਆ।
ਯੋਧੇ ਨਾ ਸਹਾਰਦੇ, ਸ਼ਰੀਕਾਂ ਦੀਆਂ ਬੋਲੀਆਂ,
ਖਾਲਸੇ ਨੇ ਖੇਲੀਆਂ...।

ੲ) ਮਹਾਰਾਣਾ ਪ੍ਰਤਾਪ ਸ਼ਿਵਾਜੀ, ਬੰਦਾ ਬੀਰ ਮਹਾਨ ਨੇ,
ਲਹੂ ਡੋਲਿਆ ਕਲਗੀਧਰ ਨੇ, ਉਹਨਾਂ ਦੀ ਸੰਤਾਨ ਨੇ।
ਨਾਲ ਉਨ੍ਹਾਂ ਦੇ ਨਾਂ ਰੌਸ਼ਨ ਹੈ, ਝਾਂਸੀ ਵਾਲੀ ਰਾਣੀ ਦਾ,
ਇਹ ਆਜ਼ਾਦੀ ਅਰਮ ਚਿੰਨ੍ਹ ਹੈ, ਵੀਰਾਂ ਦੀ ਕੁਰਬਾਨੀ ਦਾ।

ਇਉ ਦੀਪਕ ਜੈਤੋਈ ਦੇ ਗੀਤਾਂ ਨੂੰ ਪਾਠ ਤੇ ਪ੍ਰਸੰਗ ਦੀ ਦ੍ਰਿਸ਼ਟੀ ਤੋਂ ਅਧਿਐਨ ਪ੍ਰਕਿਰਿਆ ਵਿਚ ਪਾਇਆਂ ਸਪੱਸ਼ਟ ਹੁੰਦਾ ਹੈ ਕਿ ਜਿਥੇ ਇਹ ਗੀਤ ਪਾਠ-ਮੂਲਕ ਦ੍ਰਿਸ਼ਟੀ ਤੋਂ ਸੁਹਜਾਤਮਕ ਵਿਵੇਕ ਨਾਲ ਲਬਰੇਜ਼ ਨਜ਼ਰ ਆਉਂਦੇ ਹਨ ਉਥੇ ਆਪਣੇ ਪ੍ਰਸੰਗਿਕ ਪੈਂਤੜਿਆਂ ਤੋਂ ਵਿਭਿੰਨ ਸਮਾਜ-ਸਭਿਆਚਾਰਕ ਵਰਤਾਰਿਆਂ ਪ੍ਰਤੀ ਪ੍ਰਤਿਕਰਮ ਸਿਰਜਦੇ ਹਨ। ਇਨ੍ਹਾਂ ਗੀਤਾਂ ਦੀ ਖ਼ਾਸੀਅਤ ਇਹ ਹੈ ਕਿ ਜਦੋਂ ਇਹ ਸਮਾਜ-ਸਭਿਆਚਾਰਕ ਪੈਟਰਨਾਂ ਨਾਲ ਸੰਵਾਦ ਦੀ ਪ੍ਰਕਿਰਿਆ ਵਿਚ ਪੈਂਦੇ ਹਨ ਤਾਂ ਇਹ ਪੰਜਾਬਣ ਮੁਟਿਆਰ ਦੇ ਵਿਵਹਾਰਕ ਜੀਵਨ ਦੇ ਝਰੋਖਿਆਂ ਰਾਹੀਂ ਪੰਜਾਬ ਦੇ ਪੇਂਡੂ ਸਮਾਜ-ਸਭਿਆਚਾਰ ਦੇ ਪ੍ਰਤੱਖ ਦੀਦਾਰ ਕਰਾ ਦਿੰਦੇ ਹਨ ਅਤੇ ਜਦੋਂ ਇਹ ਧਾਰਮਿਕ, ਇਤਿਹਾਸਕ ਤੇ ਕ੍ਰਾਂਤੀਕਾਰੀ ਪ੍ਰਸੰਗਾਂ ਨੂੰ ਮੁਖਾਤਿਬ ਹੁੰਦੇ ਹਨ ਤਾਂ ਧਾਰਮਿਕ ਤੇ ਇਤਿਹਾਸਕ ਸਮਿਆਂ ਦਾ ਗੌਰਵਸ਼ਾਲੀ ਦਸਤਾਵੇਜ਼ ਬਣ ਕੇ ਉਭਰਦੇ ਹਨ। ਇਉਂ ਇਹ ਗੀਤ ਪੰਜਾਬੀ/ਭਾਰਤੀ ਸਮਾਜ-ਸਭਿਆਚਾਰ ਦੇ ਵਿਭਿੰਨ ਵਰਤਾਰਿਆਂ ਨਾਲ ਸੰਵਾਦ ਰਚਾਉਂਦੇ ਹੋਏ ਨਾ-ਕੇਵਲ ਪ੍ਰਸ਼ਨ ਖੜ੍ਹੇ ਕਰਦੇ ਹਨ ਸਗੋਂ ਉਹਨਾਂ ਪ੍ਰਸ਼ਨਾਂ ਦੇ ਜਵਾਬ ਤਲਾਸ਼ਣ ਲਈ ਪਾਠਕ/ ਸਰੋਤੇ ਦੀ ਚੇਤਨਾ ਨੂੰ ਵਧੇਰੇ ਤਿਖਾ ਕਰਦੇ ਵੀ ਦ੍ਰਿਸ਼ਟੀਗੋਚਰ ਹੁੰਦੇ ਹਨ।

## ਹਵਾਲੇ ਅਤੇ ਟਿੱਪਣੀਆਂ

1. ਡਾ. ਮੋਹਨ ਤਿਆਗੀ, ਦੀਪਕ ਜੈਤੋਈ : ਜੀਵਨ ਤੇ ਰਚਨਾ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2016, ਪੰਨਾ 04.

2. ਸੁਲੱਖਣ ਸਰਹੱਦੀ, ਜਨ-ਸਾਹਿਤ, ਦੀਪਕ ਜੈਤੋਈ ਵਿਸ਼ੇਸ਼ ਅੰਕ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 2006, ਪੰਨਾ 15.

3. ਸਾਹਿਤ ਕੋਸ਼ : ਪਰਿਭਾਸ਼ਿਕ ਸ਼ਬਦਾਵਲੀ, ਡਾ. ਰਤਨ ਸਿੰਘ ਜੱਗੀ (ਸੰਪਾ.), ਪੰਜਾਬੀ ਯੂਨੀਵਰਸਿਟੀ, ਪਟਿਆਲਾ, 2011, ਪੰਨਾ 382-383.

4. ਡਾ. ਰਤਨ ਸਿੰਘ ਜੱਗੀ, ਸਾਹਿਤ ਕੋਸ਼ : ਪਰਿਭਾਸ਼ਕ ਸ਼ਬਦਾਵਲੀ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2011, ਪੰਨਾ 775.

5. ਡਾ. ਮੋਹਨ ਤਿਆਗੀ, ਦੀਪਕ ਜੈਤੋਈ : ਜੀਵਨ ਤੇ ਰਚਨਾ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2016, ਪੰਨਾ 41.

6. ਡਾ. ਮੋਹਨ ਤਿਆਗੀ, ਦੀਪਕ ਜੈਤੋਈ : ਜੀਵਨ ਤੇ ਰਚਨਾ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2016, ਪੰਨਾ 20.

☆

Regd. No. 28873/76
ISSN 2319-5053
UGC Approved

Jan.–Feb. 2022

Published by the Secretary on behalf of
J&K Academy of Art, Culture and Languages, Jammu
and Printed at Classic Printers, Bari Brahamana, Jammu